# ਅੰਮ੍ਰਿਤ ਕੀਰਤਨ

# Amrit Kirtan

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ











ਗੁਰਦੁਆਰਾ
ਦੁਖ ਨਿਵਾਰਨ
ਸਾਹਿਬ ਪਟਿਆਲਾ
ਵਿਖੇ ਮਿਤੀ 18,
~~ਅਕਤੂਬਰ~~ Sept, 2002
ਹੋਏ ਵਿਦਿਆਰਥੀ
ਕੀਰਤਨ ਦਰਬਾਰ
ਦੀਆਂ ਝਲਕੀਆਂ



ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਮਿਤੀ 18, ਅਕਤੂਬਰ, 2002
ਹੋਏ ਵਿਦਿਆਰਥੀ ਕੀਰਤਨ ਦਰਬਾਰ ਦੀਆਂ ਝਲਕੀਆਂ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 10 ◆ ਸਾਲ ਚੌਦਵਾਂ ◆ ਅਕਤੂਬਰ 2002



| ਸੰਪਾਦਕ (ਆਨਰੇਰੀ) | ਸਹਾਇਕ ਸੰਪਾਦਕ (ਆਨਰੇਰੀ) | ਸਹਿਯੋਗੀ |
|---|---|---|
| ਡਾ. ਜਾਗੀਰ ਸਿੰਘ | ਡਾ. ਗੁਰਮੀਤ ਸਿੰਘ ਬੈਦਵਾਣ | ਸ. ਹਰਭਜਨ ਸਿੰਘ |
| ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ. | ਐਮ.ਏ., ਪੀ.ਐਚ.ਡੀ. | ਸ. ਉੱਤਮ ਸਿੰਘ |



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | *ਪਾਠਕਾਂ ਦੇ ਪੱਤਰ* |
| ਕਰਉ ਬੇਨੰਤੀਆ | 4 | *ਸੰਪਾਦਕੀ* |
| ਗੁਰਮਤਿ ਸੰਗੀਤ: ਪਟਿਆਲਾ ਪਰੰਪਰਾ | 5 | ਡਾ. ਜਸਬੀਰ ਕੌਰ |
| ਕੀਰਤਨ ਵਿਚ ਸਾਜ਼ | 8 | ਕਮਲਜੀਤ ਸਿੰਘ |
| ਗੁਰਬਾਣੀ ਸੰਗੀਤ ਵਿਚ ਘਰ ਬਾਰੇ ਵੀਚਾਰ | 10 | ਪ੍ਰਿਤਪਾਲ ਸਿੰਘ |
| ਤਬਲੇ ਦੇ ਖੇਤਰ ਵਿਚ 'ਨਾਈਆਂ ਦਾ ਘਰਾਣਾ' | 12 | ਕਮਲੇਸ਼ ਸ਼ਰਮਾ |
| ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ... | 13 | ਜਸਵੰਤ ਸਿੰਘ ਅਮਨ |
| ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਉਪਦੇਸ਼ | 14 | ਪ੍ਰੋ. ਜੋਗਿੰਦਰ ਸਿੰਘ |
| ਅਨਹਦ-ਨਾਦ | 16 | ਕੁਲਦੀਪ ਸਿੰਘ |
| ਗੁਰਮਤਿ ਸੰਗੀਤ ਅਕੈਡਮੀ ਦੇ ਪਹਿਲੇ ਸ਼ੈਸ਼ਨ... | 18 | ਕਰਤਾਰ ਸਿੰਘ |
| ਪੁਸਤਕ ਸਮੀਖਿਆ | 19 | ਡਾ. ਗੁਰਮੀਤ ਸਿੰਘ ਬੈਦਵਾਣ |
| ਵਿਦਿਆਰਥੀ ਕੀਰਤਨ ਦਰਬਾਰ | 21 | ਪ੍ਰੋ. ਕਵਲਜੀਤ ਸਿੰਘ |
| Is Indian Classical Music Dying | 23 | Mohan Nadkarni |
| ਸੁਰ ਲਿਪੀਆਂ | 25 | ਪ੍ਰਿੰਸੀਪਲ ਦਿਆਲ ਸਿੰਘ |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 27 | ਮਨਮੋਹਨ ਸਿੰਘ |



◆ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

◆ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

◆ Donations are eligible for relief u/s 80 G of Income-Tax Act, 1961
vide CIT/ CHD/ Tech./ 80-G/ 911 dated 23/05/2002 valid upto 31/03/2004



ਚੰਦੇ ਦਾ ਵੇਰਵਾ :

◆ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ 1500 ਰੁ.

◆ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

◆ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਦੀ ਅਗਸਤ 2002 ਦੀ ਆਪ ਵਲੋਂ ਭਿਜਵਾਈ ਕਾਪੀ ਮਿਲੀ ਹੈ। ਆਪ ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ ਦੁਆਰਾ ਸਿੱਖ ਕੌਮ ਅਤੇ ਗੁਰਮਤਿ ਸੰਗੀਤ ਦੀ ਵਡਮੁੱਲੀ ਸੇਵਾ ਕਰ ਰਹੇ ਹੋ। ਆਪ ਵਧਾਈ ਦੇ ਹੱਕਦਾਰ ਹੋ। ਅਕਾਲ ਪੁਰਖ ਆਪ ਨੂੰ ਹੋਰ ਲਗਨ, ਵਿਸਵਾਸ਼ ਤੇ ਦ੍ਰਿੜਤਾ ਬਖਸ਼ੇ ਅਤੇ ਆਪ ਵਧੇਰੇ ਸੇਵਾ ਸਮਰਪਿਤ ਹੋ ਕੇ ਇਸ ਨੂੰ ਹੋਰ ਭਰਪੂਰ ਬਣਾਉਣ ਦੇ ਸਮਰੱਥ ਹੋਵੇ। ਗੁਰਮਤਿ ਸੰਗੀਤ ਅਤੇ ਕੀਰਤਨ ਸਿੱਖੀ ਦਾ ਅਟੁੱਟ ਅੰਗ ਹੈ, ਪਰ ਸਿੱਖ ਕੌਮ ਦਾ ਸੰਕਟ ਹੈ ਕਿ ਹਾਲੀ ਤੱਕ ਕੋਈ ਅੰਤਰਰਾਸ਼ਟਰੀ ਪੱਧਰ ਦੀ ਗੁਰਮਤਿ ਸੰਗੀਤ ਤੇ ਕੀਰਤਨ ਦੀ ਅਕਾਦਮੀ ਨਹੀਂ ਸਥਾਪਤ ਕੀਤੀ ਗਈ। ਪੰਜਾਬ ਪਾਸ ਕੇਵਲ ਗੁਰਮਤਿ ਸੰਗੀਤ ਦੀ ਹੀ ਪ੍ਰਣਾਲੀ ਮੌਜੂਦ ਹੈ। ਜਿਸ ਨੂੰ ਸਿੱਖ ਪੰਥ ਵਿਸਾਰ ਰਿਹਾ ਹੈ। ਇੱਥੋਂ ਦੇ ਹੋਰ ਸੰਗੀਤ ਘਰਾਣੇ ਪਟਿਆਲਾ ਘਰਾਣਾ ਆਦਿ ਬੀਤ ਚੁੱਕੇ ਸਮੇਂ ਦੀਆਂ ਗੱਲਾਂ ਹੋ ਗਈਆਂ ਹਨ। ਹੁਣ ਤੱਕ ਨਾ ਪੰਥਕ ਤੇ ਨਾ ਸਰਕਾਰੀ ਪੱਧਰ ਉਤੇ ਗੁਰਮਤਿ ਸੰਗੀਤ ਨੂੰ ਇਸ ਦੇ ਸ਼ੁੱਧ ਰੂਪ ਵਿਚ ਸੁਰੱਖਿਅਤ ਰੱਖ ਕੇ ਇਸ ਨੂੰ ਲੋਕਾਂ ਵਿਚ ਪ੍ਰਚਲਿਤ ਕਰਨ ਵੱਲ ਧਿਆਨ ਦਿੱਤਾ ਗਿਆ। ਪੁਰਾਣੇ ਕੀਰਤਨੀਆਂ ਦੀ ਗਿਣਤੀ ਵੀ ਹੌਲੀ ਹੌਲੀ ਕਿਰ ਰਹੀ ਹੈ, ਨਵੀਂ ਕੀਰਤਨੀ ਪ੍ਰਣਾਲੀ ਗੁਰਬਾਣੀ ਦੇ ਰਾਗਾਂ ਤੋਂ ਲਾਂਭੇ ਜਾ ਕੇ ਹੀ ਆਪਨੀ ਕਲਾ ਦਾ ਪ੍ਰਗਟਾਵਾ ਕਰ ਰਹੀ ਹੈ, ਰਾਗੀ ਸਮੁੰਦ ਸਿੰਘ ਜੀ ਆਦਿ ਤੋਂ ਬਾਅਦ ਗੁਰਮਤਿ ਸੰਗੀਤ ਨੂੰ ਸਮਰਪਿਤ ਰਾਗੀ ਵੀ ਨਹੀਂ ਪੈਦਾ ਹੋ ਰਹੇ। ਹੁਣ ਬਹੁਤੇ ਕੀਰਤਨੀਏ ਗੁਰਮਤਿ ਸੰਗੀਤ ਤੇ ਗੁਰਬਾਣੀ ਰਾਗਾਂ ਤੋਂ ਬਾਹਰ ਜਾ ਕੇ ਜ਼ਿਆਦਾ ਵਪਾਰਕ ਰੁਚੀਆਂ ਵਾਲੇ ਹੀ ਬਣ ਗਏ ਹਨ। ਪਿੱਛੇ ਜਿਹੇ ਖ਼ਬਰ ਪੜ੍ਹੀ ਸੀ ਕਿ ਵਿਦੇਸ਼ਾਂ ਵਿਚ ਰਬਾਬ ਸੈਂਟਰ ਗੁਰਮਤਿ ਸੰਗੀਤ ਨੂੰ ਵਿਕਸਿਤ ਕਰਨ ਲਈ ਸਥਾਪਿਤ ਹੋਇਆ ਹੈ, ਪਰ ਪੰਜਾਬ ਤਾਂ ਆਪਨੇ ਵਿਰਸੇ ਨੂੰ ਸੁਰੱਖਿਅਤ ਰੱਖਣ ਪ੍ਰਤੀ ਬੇਧਿਆਨਾ ਹੀ ਹੈ। ਆਪ ਦਾ ਇਹ ਉਪਰਾਲਾ ਸੰਗੀਤ ਅਤੇ ਕੀਰਤਨ ਸਬੰਧੀ ਜਾਣਕਾਰੀ ਦੇਣ ਦੇ ਨਾਲ ਸ਼ਾਇਦ ਸਿੱਖ ਪੰਥ ਨੂੰ ਗੁਰਮਤਿ ਸੰਗੀਤ ਪ੍ਰਤੀ ਜਾਗਰੂਕ ਹੋਣ ਲਈ ਵੀ ਸੇਧ ਬਖਸ਼ ਸਕੇ।

*- ਗੁਰਚਰਨ ਸਿੰਘ ਮਹਿਤਾ, 18, ਗੁਰੂ ਅਰਜਨ ਨਗਰ, ਸੋਫੀਆ ਗਰਲਜ਼ ਸਕੂਲ ਰੋਡ, ਰੇਲਵੇ ਕਲੋਨੀ, ਸਹਾਰਨਪੁਰ 247 001*

♦ ਆਪ ਜੀ ਵਲੋਂ ਪ੍ਰੇਮ ਨਾਲ ਭੇਜਿਆ ਗਿਆ ਰਸਾਲਾ 'ਅੰਮ੍ਰਿਤ ਕੀਰਤਨ' ਪਿਛਲੇ ਅਗਸਤ, ਤੋਂ ਪ੍ਰਾਪਤ ਹੋ ਰਿਹਾ ਹੈ। ਮੇਰੇ ਪਾਸ. ਧੰਨਵਾਦ ਯੋਗ ਲਫਜ਼ ਵੀ ਨਹੀਂ ਹਨ। ਇੰਨਾਂ ਪ੍ਰੇਮ ਮੇਰੀਆਂ ਅੱਖਾਂ ਵਿਚ ਸ਼ੁਕਰਾਨੇ ਦੇ ਹੰਝੂ ਆ ਗਏ ਰਸਾਲਾ ਵੇਖ ਕੇ। ਆਪ ਜੀ ਦੀ ਕ੍ਰਿਪਾਲਤਾ ਦਾ ਮੈਂ ਧੰਨਵਾਦ ਕਰ ਵੀ ਨਹੀਂ ਸਕਦਾ। ਕਿਉਂਕਿ ਕੀਰਤਨ ਸਬੰਧੀ ਤੇ ਗੁਰਮਤਿ ਸਬੰਧੀ ਇਨ੍ਹਾਂ ਮਿਆਰੀ ਰਸਾਲਾ ਮਿਲਣਾ ਮੇਰੇ ਲਈ ਇਕ ਮਾਨ ਦੀ ਗੱਲ ਹੈ। ਮੈਂ ਆਪ ਜੀ ਦੇ ਇਸ ਰਸਾਲੇ ਵਾਸਤੇ ਇਕ ਨਵਾਂ ਕਾਲਮ 'ਭਲੋ ਭਲੋ ਰੇ ਕੀਰਤਨੀਆ' ਭੇਜਣਾ ਚਾਹੁੰਦਾ ਹਾਂ। ਇਸ ਕਾਲੱਮ ਵਿਚ ਜੋ ਕਿ ਸਿਰਫ ਇਕ ਪੰਨੇ ਦਾ ਹੋਵੇਗਾ ਵਿਚ ਕੀਰਤਨੀ ਜਥਿਆਂ ਦੇ ਬਾਰੇ ਜਾਣਕਾਰੀ ਅਤੇ ਇੰਟਰਵਿਊ ਹੋਵੇਗੀ।

*- ਚਰਨਜੀਤ ਸਿੰਘ, 1442, ਪੰਜਾਬ ਸਿੰਘ ਸਟਰੀਟ ਬਾਬਾ ਸਾਹਿਬ ਚੌਂਕ, ਅੰਮ੍ਰਿਤਸਰ*

♦ ਸਮਾਚਾਰ ਇਹ ਹੈ ਕਿ ਅਗਸਤ ਅੰਕ ਬੇਹੱਦ ਪਸੰਦ ਆਇਆ। ਭਾਈ ਅਵਤਾਰ ਸਿੰਘ ਜੀ ਹੰਸ ਵਲੋਂ ਭਾਈ ਜਗਜੀਵਨ ਸਿੰਘ ਜੀ ਮਹਾਨ ਕੀਰਤਨੀਏ ਉਸਤਾਦ ਬਾਰੇ ਖੋਜ ਭਰਪੂਰ ਜਾਣਕਾਰੀ ਬਹੁਤ ਹੀ ਕਾਬਿਲੇ ਤਰੀਫ ਸੀ। ਅਮਿਤਾ ਪਾਂਡੇ ਵਲੋਂ ਭਗਤੀ ਦਾ ਸਰਬ ਸ਼੍ਰੇਸ਼ਟ ਮਾਧਿਅਮ ਸੰਗੀਤ, ਰਾਗ ਸਾਰੰਗ ਵਿਚ ਤਿੰਨ ਤਾਲ ਦੀ ਬੰਦਸ਼ਾ ਭਾਈ ਕਸ਼ਮੀਰ ਸਿੰਘ ਜੀ ਵਲੋਂ ਅਤੇ ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ਵਲੋਂ ਮਨਮੋਹਨ ਸਿੰਘ ਜੀ ਆਦਿਕ ਸਭ ਸਮੱਗਰੀ ਬਹੁਤ ਹੀ ਸ਼ਲਾਘਾਯੋਗ ਸੀ।

*- ਮੰਗਤ ਸਿੰਘ ਮਸਤਾਨਾ, C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ ਮਲੋਟ (ਮੁਕਤਸਰ)*

♦ ਪਿਆਰਾ 'ਅੰਮ੍ਰਿਤ ਕੀਰਤਨ' ਅਗਸਤ ਅੰਕ ਮਿਲਿਆ ਪੜ੍ਹ ਪੜ੍ਹ ਕੇ ਬੜਾ ਅਨੰਦ ਮਾਣ ਰਿਹਾ ਹਾਂ। ਇਸ ਅੰਕ ਵਿਚ ਸ੍ਰ. ਭਗਵੰਤ ਸਿੰਘ ਦਲਾਵਰੀ ਜੀ ਦਾ ਲੇਖ 'ਕੀ ਸਚਮੁਚ ਇਹ ਸੰਸਾਰ ਇਕ ਭਿਆਨਕ ਜੰਗਲ ਹੈ?' ਬਹੁਤ ਹੀ ਵਿਚਾਰ ਯੋਗ ਹੈ ਤੇ ਇਸ ਨੂੰ ਸਮਝਣ ਲਈ ਮਨ ਨੂੰ ਤਹਿ ਤੱਕ ਟਟੋਲਨਾ ਪੈਂਦਾ ਹੈ। ਦਲਾਵਰੀ ਜੀ ਨੇ ਬੜੀ ਡੂੰਘੀ ਖੋਜ ਤੇ ਗੁਰਬਾਣੀ ਸ਼ਬਦਾਂ ਦੇ ਅਥੀਆਨ ਪਿੱਛੋਂ ਇਹ ਨਚੋੜ ਪੇਸ਼ ਕੀਤਾ ਹੈ ਤੇ ਜੁਲਾਈ ਅੰਕ 'ਚ ਦਲਾਵਰੀ ਜੀ ਬਾਰੇ ਲੇਖ ਸ੍ਰੀ ਆਦ ਨਾਥ ਥਾਟੇ ਜੀ ਕਾ ਜੋ ਇੰਗਲਿਸ਼ ਵਿਚ ਹੈ ਪੜ੍ਹ ਕੇ ਇਹ ਹੀ ਮਨ ਨੇ ਕਿਹਾ 'ਧੰਨ ਸਿੱਖੀ

ਜੋ ਦਲਾਵਰੀ ਜੀ ਨੇ ਪੇਸ਼ ਕੀਤੀ' ਧੰਨ ਦਲਾਵਰੀ ਜੀ। ਕਿਉਂਕਿ ਉਨ੍ਹਾਂ ਦੀ ਲੇਖਣੀ ਵਿਚ ਇਨੀ ਡੂੰਘਾਈ ਹੋਵੇ। ਵਾਹਿਗੁਰੂ ਮੇਹਰ ਕਰਨ ਤੇ ਉਨ੍ਹਾਂ ਦੇ ਸਿਰ 'ਤੇ ਮੇਹਰਾਂ ਭਰਿਆ ਹੱਥ ਰੱਖਣ ਤੇ ਉਨ੍ਹਾਂ ਤੋਂ ਸੇਵਾ ਲੈਂਦੇ ਰਹਿਣਾ। ਹੁਣ ਆਪ ਜੀ ਨੇ ਜੋ ਹਿੰਦੀ ਤੇ ਇੰਗਲਿਸ਼ ਦੇ ਲੇਖ 'ਅੰਮ੍ਰਿਤ ਕੀਰਤਨ' ਵਿਚ ਛਾਪ ਰਹੇ ਹੋ ਬਹੁਤ ਹੀ ਸ਼ਲਾਘਾ ਯੋਗ ਹੈ।

*- ਨਰਿੰਦਰਪਾਲ ਸਿੰਘ, ਕੇ ਜੀ 1/21 ਵਿਕਾਸ ਪੁਰੀ, ਨਵੀਂ ਦਿੱਲੀ 110 018*

♦ ਆਪ ਜੀ ਦੀ ਭੇਜੀ ਹੋਈ 'ਅੰਮ੍ਰਿਤ ਕੀਰਤਨ' (ਅਗਸਤ 2002) ਦੀ ਸਨੇਹ-ਪ੍ਰਤੀ ਪ੍ਰਾਪਤ ਹੋਈ। ਹਾਰਦਿਕ ਧੰਨਵਾਦ। ਇਸ ਵਿਚ ਕੋਈ ਸੰਦੇਹ ਨਹੀਂ ਕਿ ਪਤ੍ਰਿਕਾ ਆਮ ਤੋਂ ਹਟ ਕੇ ਹੈ। ਗੁਰਮਤਿ ਤੇ ਗੁਰਮਤਿ ਸੰਗੀਤ ਦੀ ਧੁਰੀ 'ਤੇ ਟਿਕੀ, ਇਹ ਇਕ ਵਿਲੱਖਣ ਪਤ੍ਰਿਕਾ ਕਹੀ ਜਾ ਸਕਦੀ ਹੈ। ਜਦੋਂ ਵੀ ਕੋਈ ਰਚਨਾ ਪਤ੍ਰਿਕਾ ਦੀ ਪੱਧਰ ਲਾਇਕ ਬਣ ਪਈ, ਆਪ ਜੀ ਦੀ ਸੇਵਾ ਵਿਚ ਪੇਸ਼ ਕਰਕੇ ਆਪ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਾਂਗਾ। ਵਿਚ ਵਿਚਾਲੇ ਮਨ ਵਿਚ, ਇਕ ਯਕਸ਼-ਪ੍ਰਸ਼ਨ ਸਿਰ ਚੁੱਕਦਾ ਰਿਹਾ ਹੈ ਕਿ ਅਸੀਂ ਕੀਰਤਨਕਾਰਾਂ ਤੋਂ ਤਾਂ ਗੁਰਬਾਣੀ ਦਾ ਗਾਇਨ ਨਿਰਧਾਰਤ ਰਾਗਾਂ ਵਿਚ ਕਰਨ ਦੀ ਅਪੇਖਿਆ ਕਰਦੇ ਹਾਂ ਪਰ ਜੇ ਸੰਗਤ, ਸੰਗੀਤ ਪੱਖੋਂ ਗੂੰਗੀ-ਬੋਲੀ ਹੋਏਗੀ ਤਾਂ...। ਕਾਸ਼! ਕਦੇ ਇਹ ਫੁਰਨਾ ਵੀ ਫੁਰਿਆ ਹੁੰਦਾ ਕਿ ਹਰ ਗੁਰਸਿਖ ਲਈ ਗੁਰਮੁਖੀ ਲਿੱਪੀ ਦੇ ਨਾਲ ਗੁਰਮਤਿ ਸੰਗੀਤ ਦੀ ਵੀ ਲੋੜੀਂਦੀ ਸੋਚ ਜ਼ਰੂਰੀ ਹੈ ਤਾਂ ਜੋ ਗੁਰੂ ਸਾਹਿਬਾਂ ਦੇ ਗੁਰਬਾਣੀ ਨੂੰ ਰਾਗ ਬੱਧ ਕਰਨ ਦੇ ਉੱਚੇ ਤੇ ਸੁੱਚੇ ਅੰਤਰੀਵ ਭਾਵ ਨਾਲ ਸਾਂਝ ਪੈਦਾ ਕਰਨ ਦੇ ਯੋਗ ਹੋ ਸਕਦੇ। ਅੱਜ ਕਿੰਨੇ ਕੁ ਗੁਰਸਿੱਖ ਹੋਣਗੇ ਜੋ ਸ਼ਬਦਾਂ ਨਾਲ ਅੰਕਿਤ ਘਰਾਂ ਦੇ ਭੇਦ ਤੋਂ ਜਾਣੂ ਹੋਣਗੇ। ਅਰਥਾਤ 'ਘਰ' ਦੇ ਨਾਲ ਦਰਸਾਏ ਅੰਕਾਂ ਦਾ ਕੀ ਭਾਵ ਹੈ? ਜਾਂ ਪੜਤਾਲ ਦਾ ਕੀ ਅਰਥ ਹੈ ਤੇ ਪੜਤਾਲ ਦੀ ਤੁਕ ਤੁਕ ਵਿਚ ਤਾਲ ਕਿਵੇਂ ਪਰਤਦਾ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਅਸੀਂ ਪੰਚਮ ਪਾਤਸ਼ਾਹ ਦੀ ਬਿਲਾਵਲ ਰਾਗ ਵਿਚ ਉਚਾਰੀ ਬਾਣੀ 'ਗੁਣ ਗੋਵਿੰਦ ਗਾਵਹੁ ਸਭਿ ਹਰਿਜਨ, ਰਾਗ ਰਤਨ ਰਸਨਾ ਅਲਾਪ' (ਨੂੰ) ਸ਼ਾਇਦ ਉਸੇ ਰੂਪ ਵਿਚ ਗ੍ਰਹਿਣ ਕਰਦੇ ਹਾਂ, ਜਿਵੇਂ 'ਸ਼ੁਧ' ਸ਼ਬਦ ਆਉਣ ਤੇ 'ਸ਼ੁਧ' ਸ਼ਬਦ ਦਾ ਪਾਠ।

'सुश्री अमिता पाण्डे का सारगर्भित लेख भक्ति का सर्वश्रेष्ठ माध्यम संगीत' ਵਿਚ ਭਾਰਤੀ ਤੇ ਭਾਰਤੀ ਸੰਗੀਤ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਾ ਹੈ। ਪਰੰਤੂ ਗੁਰਬਾਣੀ ਸੰਗੀਤ/ਭਗਤੀ ਵਿਚ ਭਾਰਤੀ ਸੰਗੀਤ ਦੀ ਪ੍ਰਚਲਿਤ ਪਰਿਭਾਸ਼ਾ ਅਨੁਸਾਰ ਨ੍ਰਿਤ ਨੂੰ ਮਾਨਤਾ ਨਹੀਂ ਦਿੱਤੀ ਗਈ। ਅੰਤ ਵਿਚ ਪੰਨਾ 36 ਤੇ Thus speak Guru Nanak ਦੇ God ਸਿਰਲੇਖ ਹੇਠਾਂ (ਜੋ ਸ੍ਰੀ ਰਾਮਾਕ੍ਰਿਸ਼ਨਾ ਮੱਠ, ਮਦਰਾਸ, ਦੁਵਾਰਾ ਪ੍ਰਕਾਸ਼ਿਤ ਪੁਸਤਿਕਾਂ ਵਿਚੋਂ ਲਿਆ ਗਿਆ ਹੈ) ਪਹਿਲੇ ਬੰਦ ਦੇ ਦੂਸਰੇ ਵਾਕਯ 'He is the creator of all and he himself takes the human form' 36 ਦੇ ਅੰਕ ਵਾਂਗ ਗੁਰਮਤਿ ਦੇ ਮੁੱਢਲੇ ਸਿਧਾਂਤ 'ਅਜੂਨੀ' ਦਾ ਖੰਡਨ ਕਰਦਾ ਹੈ।

ਤੁਸੀਂ ਵੀ ਸੋਚੋਗੇ ਕਿ ਪਹਿਲੀ ਹੀ ਭੇਟ ਵਿਚ ਐਨੀ ਖੁੱਲ੍ਹ ਲੈਣ ਵਾਲਾ, ਪਤਾ ਨਹੀਂ ਕਿਹਾ ਜਿਹਾ ਪ੍ਰਾਣੀ ਹੈ ਜੋ ਸਭਿਅਤਾ ਦੀ ਸਥੂਲ ਰੇਖਾ ਬਾਰੇ ਵੀ ਕੁਝ ਨਹੀਂ ਜਾਣਦਾ। ਪਰ ਸੱਚ ਕਹਾਂ ਤਾਂ ਮੈਨੂੰ ਇਹ ਮਹਿਸੂਸ ਹੀ ਨਹੀਂ ਹੋ ਰਿਹਾ ਕਿ ਮੈਂ ਤੁਹਾਨੂੰ ਇਹ ਪਹਿਲਾ ਪੜ੍ਹ ਲਿਖ ਰਿਹਾ ਹਾਂ। ਜੋ 'ਹਾਸਲ' ਬਚਿਆ ਹੈ ਉਹ ਅਗਲੇ ਸੂਦ ਲਈ ਸੰਭਾਲਦਾ ਹੋਇਆ ਖਿਮ੍ਹਾਂ ਜਾਚਨਾ ਸਹਿਤ।

*- ਗੁਰਬਖਸ਼ ਸਿੰਘ 'ਪਿਆਸਾ', 29 ਦੇਵ ਨਗਰ ਕਲੋਨੀ, ਦੇਵਰੀ ਰੋਡ ਆਗਰਾ 282 001*

## ਸੰਤ ਬਾਬਾ ਸੁੱਚਾ ਸਿੰਘ ਜੀ ਦਾ ਅਕਾਲ-ਚਲਾਣਾ

ਗੁਰਮਤਿ ਸੰਗੀਤ ਸੰਮੇਲਨਾਂ ਰਾਹੀਂ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਅਕਾਲ-ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਯਾਦ ਨੂੰ ਸਮਰਪਿਤ 'ਅੰਮ੍ਰਿਤ ਕੀਰਤਨ' ਦਾ ਵਿਸ਼ੇਸ਼ ਅੰਕ, ਜਨਵਰੀ 2003 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਬਾਬਾ ਜੀ ਦੇ ਸਨੇਹੀਆਂ ਨੂੰ ਬੇਨਤੀ ਹੈ ਕਿ ਉਹ ਬਾਬਾ ਜੀ ਬਾਰੇ ਲੇਖ ਜਲਦੀ ਭੇਜਣ ਦੀ ਖੇਚਲ ਕਰਨ। ਕੋਈ ਵੀ ਲੇਖ ਦੋ ਪੰਨਿਆਂ ਤੋਂ ਵੱਧ ਨਹੀਂ ਹੋਣਾ ਚਾਹੀਦਾ।

**ਸੰਪਾਦਕ: ਅੰਮ੍ਰਿਤ ਕੀਰਤਨ, 422, ਸੈਕਟਰ 15 ਏ, ਚੰਡੀਗੜ੍ਹ 160 015**

e-mail: drjagirsingh@rediffmail.com

# ਕਰਉ ਬੇਨੰਤੀਆ

## ਸੋ ਸੁਨ ਰੇ ਭਾਈ

ਐਕਸੀਡੈਂਟ ਤੋਂ ਬਾਅਦ ਡਾਕਟਰਾਂ ਨੇ ਅਜੇ ਪਉੜੀਆਂ ਚੜ੍ਹਨ ਦੀ ਮਨਾਹੀ ਕੀਤੀ ਹੋਈ ਹੈ। ਮੇਰੀ ਨਿਜੀ ਲਾਇਬ੍ਰੇਰੀ ਅਤੇ ਟ੍ਰਸਟ ਦਾ ਦਫਤਰ ਪਹਿਲੀ ਮੰਜ਼ਿਲ 'ਤੇ ਹੈ ਇਸ ਲਈ ਉਥੇ ਜਾਣਾ ਵੀ ਮੁਸ਼ਕਲ ਹੈ।

ਘਰ ਵਿੱਚ ਸਾਰਿਆਂ ਨੇ ਸਲਾਹ ਕਰਕੇ ਮੇਰੀਆਂ ਪੁਸਤਕਾਂ ਹੇਠਾਂ ਲੈ ਆਂਦੀਆਂ ਹਨ।

ਮੈਂ ਇਹਨਾਂ ਵਿੱਚੋਂ ਬਹੁਤ ਸਾਰੀਆਂ ਪੁਸਤਕਾਂ ਨਹੀਂ ਪੜ੍ਹੀਆਂ ਹੋਈਆਂ। ਕੁਝ ਪੁਸਤਕਾਂ ਖਰੀਦੀਆਂ ਜਾਂ ਭੇਟਾ ਵਜੋਂ ਪ੍ਰਾਪਤ ਹੋਈਆਂ ਸਨ, ਕਈ ਕਈ ਸਾਲ ਹੋ ਗਏ। ਮਨ ਵਿੱਚ ਬੜੀ ਨਮੋਸ਼ੀ ਹੋਈ ਕਿ ਮੈਂ ਐਵੇਂ ਹੀ ਇਤਨਾ ਕੁਝ ਇੱਕਠਾ ਕੀਤਾ ਹੋਇਆ ਹੈ। ਜਦੋਂ ਕੋਈ ਪੁਸਤਕ ਖਰੀਦਦਾ ਹਾਂ ਤਾਂ ਬੜਾ ਚਾਉ ਹੁੰਦਾ ਹੈ, ਪਰ ਜਦੋਂ ਘਰ ਲੈ ਆਉਂਦਾ ਹਾਂ ਤਾਂ ਸੋਚਦਾ ਹਾਂ ਕਿ ਇਹ ਹੁਣ ਤਾਂ ਮੇਰੇ ਕੋਲ ਹੀ ਹੈ ਜਦੋਂ ਸਮਾਂ ਲੱਗਾ ਪੜ੍ਹ ਲਵਾਂਗਾ। ਪਰ ਫਿਰ ਹੋਰ ਰੁਝੇਵਿਆਂ ਵਿੱਚ ਉਲਝ ਜਾਂਦਾ ਹਾਂ। ਉਹ ਪੁਸਤਕ ਮੇਰੀ ਛੋਹ ਨੂੰ ਵੀ ਤਰਸ ਜਾਂਦੀ ਹੈ। ਇੰਜ ਅਨੇਕਾਂ ਪੁਸਤਕਾਂ ਮੇਰੇ ਸ਼ੈਲਫਾਂ ਤੇ ਪਈਆਂ ਹੋਈਆਂ ਹਨ।

ਹੁਣ ਸੋਚਿਆ ਪਤਾ ਨਹੀਂ ਇਹ ਪੁਸਤਕਾਂ ਪੜ੍ਹੀਆਂ ਜਾਣੀਆਂ ਹਨ ਜਾਂ ਨਹੀਂ ਕਿਉਂ ਨਾ ਇਹਨਾਂ ਵਿੱਚੋਂ ਕੁਝ ਪੁਸਤਕਾਂ ਕਿਸੇ ਲਾਇਬ੍ਰੇਰੀ ਨੂੰ ਦੇ ਦਿਆਂ। ਇਸ ਵਿਚਾਰ ਨਾਲ ਪੁਸਤਕਾਂ ਦੀ ਛਾਂਟੀ ਕਰਨੀ ਸ਼ੁਰੂ ਕੀਤੀ ਹੈ। ਇਹਨਾਂ ਵਿਚੋਂ ਕੁਝ ਨੂੰ ਪੜ੍ਹਨ ਦਾ ਲਾਲਚ ਪੈਦਾ ਹੋ ਗਿਆ। ਮੇਰੇ ਸਾਹਮਣੇ ਇੱਕ ਪੁਸਤਕ ਪਈ ਹੋਈ ਹੈ:

ਪੁਸਤਕ ਦਾ ਨਾਂ ਹੈ *ਸੁਨ ਰੇ ਭਾਈ* ਪੁਸਤਕ ਦੇ ਲੇਖਕ ਹਨ: ਸ੍ਰ ਬਲਵਿੰਦਰ ਸਿੰਘ ਕਾਨਪੁਰ ਵਾਲੇ। ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਵਿੱਚ ਗੁਰਮਤਿ ਸੰਬੰਧੀ 12 ਲੇਖ ਹਨ।

ਇਸ ਪੁਸਤਕ ਨੂੰ ਪੜ੍ਹਦਿਆਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਬਲਵਿੰਦਰ ਸਿੰਘ ਜੀ ਨਾਲ ਮੇਰਾ ਪਹਿਲਾ ਮੇਲ 1973 ਵਿੱਚ ਹੋਇਆ ਸੀ। ਉਦੋਂ ਮੈਂ ਗੁਰਮਤਿ ਕਾਲਜ ਪਟਿਆਲਾ ਵਿਖੇ ਪੜ੍ਹਦਾ ਸਾਂ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਸਾਡੇ ਪ੍ਰਿੰਸੀਪਲ ਸਨ। ਕਾਨਪੁਰ ਦੇ ਇੱਕ ਗੁਰਦੁਆਰਾ ਸਾਹਿਬ ਤੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਲੈਕਚਰ ਕਰਨ ਲਈ ਲੈਕਚਰਾਰ ਦੀ ਮੰਗ ਆਈ। ਮੈਂ ਭਾਵੇਂ ਕੀਰਤਨ ਕਰਦਾ ਸਾਂ ਪਰ ਲੈਕਚਰ ਕਰਨਾ ਸਾਡੇ ਸਿਲੇਬਸ ਦਾ ਹਿੱਸਾ ਸੀ। ਪ੍ਰਿੰਸੀਪਲ ਸਾਹਬਿ ਨੇ ਮੇਰੀ ਡੀਊਟੀ ਲਗਾ ਦਿੱਤੀ, ਨਾਲ ਹੀ ਮੈਨੂੰ ਸ. ਬਲਵਿੰਦਰ ਸਿੰਘ ਹੋਰਾਂ ਦਾ ਐਡਰੈਸ ਦਿੱਤਾ। ਮੈਨੂੰ ਕਾਨਪੁਰ ਪਹੁੰਚ ਕੇ ਪਤਾ ਲੱਗਾ ਕਿ ਬਲਵਿੰਦਰ ਸਿੰਘ ਪ੍ਰਿੰਸੀਪਲ ਸਾਹਿਬ ਦੇ ਭਰਾ ਹਨ। ਕਾਨਪੁਰ ਜਾ ਕੇ ਬਲਵਿੰਦਰ ਸਿੰਘ ਜੀ ਮੇਰੇ ਨਾਲ ਇੰਜ ਘੁਲਮਿਲ ਗਏ ਜਿਵੇਂ ਬੜੇ ਸਾਲਾਂ ਤੋਂ ਜਾਣਦੇ ਹੋਈਏ। ਉਦੋਂ ਹੀ ਕਾਨਪੁਰ ਦੇ ਹੋਰ ਸਾਹਿਤ ਰਸੀਆਂ ਅਤੇ ਕੀਰਤਨ ਪ੍ਰੇਮੀਆਂ ਨਾਲ ਮੁਲਾਕਾਤ ਹੋਈ। ਜਿਗਰਪਾਰੇ, ਵਾਲੇ ਗਗਨ ਪਾਕਿਸਤਾਨੀ ਅਤੇ ਤਾਰਨ ਗੁਜਰਾਲ ਜੀ ਨਾਲ ਡੂੰਘੇ ਸੰਬੰਧ ਬਣ ਗਏ। ਗਗਨ ਪਾਕਿਸਤਾਨੀ ਸਾਹਿਬ ਦਾ ਲੜਕਾ ਜਦੋਂ ਮੈਂ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ ਵਿੱਚ ਹੋਸਟਲ ਦਾ ਵਾਰਡਨ ਸਾਂ, ਮੇਰੇ ਕੋਲ ਰਹਿੰਦਾ ਸੀ। ਬਾਅਦ ਵਿਚ ਗਗਨ ਪਾਕਿਸਤਾਨੀ ਜੀ ਅਮਰੀਕਾ ਚਲੇ ਗਏ ਅਤੇ ਉਥੇ ਹੀ ਉਹਨਾਂ ਦਾ ਦੇਹਾਂਤ ਹੋ ਗਿਆ। ਤਾਰਨ ਗੁਜਰਾਲ ਜੀ ਅਜਕਲ ਮੁਹਾਲੀ ਵਿਖੇ ਰਹਿ ਰਹੇ ਹਨ ਅਤੇ ਬਲਵਿੰਦਰ ਸਿੰਘ ਜੀ ਲੁਧਿਆਣੇ ਰਹਿ ਰਹੇ ਹਨ।

ਸਮਾਂ ਬੀਤਦਿਆਂ ਪਤਾ ਨਹੀਂ ਲਗਦਾ। ਅੱਜ ਜੋ ਅਸੀਂ ਹਾਂ ਉਸ ਵਿੱਚ ਕਿੰਨੇ ਵਿਅਕਤੀਆਂ ਦਾ ਯੋਗਦਾਨ ਹੈ। ਉਹਨਾਂ ਦਾ ਰਿਣ ਅਸੀਂ ਕਦੀ ਨਹੀਂ ਚੁਕਾ ਸਕਦੇ। ਉਸ ਸਮੇਂ ਭਾਵੇਂ ਅਸੀਂ ਉਹਨਾਂ ਵਿਅਕਤੀਆਂ ਦਾ ਯੋਗ ਆਦਰ ਨਾ ਵੀ ਕਰਦੇ ਹੋਈਏ। ਪਰ ਅੱਜ ਜਾਪਦਾ ਹੈ ਕਿ ਮੇਰੀ ਸ਼ਖਸੀਅਤ ਦੇ ਤਾਣੇਪੇਟੇ ਵਿੱਚ ਕਿੰਨੇ ਹੀ ਵਿਅਕਤੀਆਂ ਦੀਆਂ ਰੰਗਬਰੰਗੀਆਂ ਅਤੇ ਵੰਨਸੁਵੰਨੀਆਂ ਤੰਦਾਂ ਝਲਕਾਂ ਮਾਰ ਰਹੀਆਂ ਹਨ।

# ਗੁਰਮਤਿ ਸੰਗੀਤ:ਪਟਿਆਲਾ ਪਰੰਪਰਾ


## ਡਾ. ਜਸਬੀਰ ਕੌਰ

ਪੰਜਾਬੀ ਭਾਸ਼ਾ ਵਿਭਾਗ ਯੂਨੀਵਰਸਿਟੀ, ਪਟਿਆਲਾ


ਮਾਲਵੇ ਵਿਚ ਪਟਿਆਲਾ ਸ਼ਹਿਰ ਵਿਲੱਖਣ ਸੰਸਕ੍ਰਿਤੀ ਦਾ ਕੇਂਦਰ ਰਿਹਾ ਹੈ। ਇਸ ਦੀ ਨੀਂਹ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਫੂਲ ਮਿਸਲ ਦੇ ਨਾਲ ਸਬੰਧਿਤ ਪ੍ਰਮੁੱਖ ਰਿਆਸਤਾਂ ਵਿਚੋਂ ਇਕ ਮੋਢੀ ਬਾਬਾ ਆਲਾ ਸਿੰਘ ਜੀ ਨੇ ਰੱਖੀ। ਸਿੱਖ ਇਤਿਹਾਸ ਵਿਚ ਇਸ ਸ਼ਹਿਰ ਦੀ ਵਿਸ਼ੇਸ਼ ਅਹਿਮੀਅਤ ਹੈ। ਇਸ ਧਰਤੀ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨਾਂ ਦੀ ਛੋਹ ਪ੍ਰਾਪਤ ਹੈ। ਸ਼ਾਇਦ ਗੁਰੂ ਸਾਹਿਬ ਜੀ ਬਖਸ਼ਿਸ ਦਾ ਹੀ ਫਲ ਹੈ ਕਿ ਏਥੇ ਕਲਾ, ਸਾਹਿਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਮਹਾਨ ਸਖਸ਼ੀਅਤਾਂ ਨੇ ਅਮਰ ਨਿਸ਼ਾਨ ਛੱਡੇ। ਬਾਬਾ ਆਲਾ ਸਿੰਘ ਤੇ ਉਸ ਦੇ ਵਾਰਿਸਾਂ ਨੇ ਸਹਿਤ ਤੇ ਸੰਗੀਤ ਰਸੀਆਂ ਨੂੰ ਸਨਮਾਨ ਅਤੇ ਸੁਰਖਿਆ ਦਿੱਤੀ। ਸੰਗੀਤ ਦੇ ਸੰਸਾਰ ਵਿਚ ਪਟਿਆਲਾ ਘਰਾਣਾ ਵਿਸ਼ੇਸ਼ ਅਹਿਮੀਅਤ ਰਖਦਾ ਹੈ। ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਜਦੋਂ ਵੱਖ ਵੱਖ ਸ਼ੈਲੀਆਂ ਦੀ ਗੱਲ ਤੁਰੇਗੀ ਤਾਂ ਪਟਿਆਲਾ ਘਰਾਣੇ ਦਾ ਨਾਂ ਲਏ ਬਗੈਰ ਇਹ ਗਲ ਅਧੂਰੀ ਰਹੇਗੀ।

ਪਟਿਆਲਾ ਸ਼ਹਿਰ ਇਕ ਸ਼ਾਹੀ ਘਰਾਣੇ ਨਾਲ ਸਬੰਧਿਤ ਹੋਣ ਕਾਰਨ ਰਾਜ ਦਰਬਾਰਾਂ ਵਿਚ ਸੰਗੀਤ ਦਾ ਕਾਫੀ ਬੋਲਬਾਲਾ ਸੀ ਪਰ ਇਥੇ ਇਹ ਮਾਣ ਵਾਲੀ ਗੱਲ ਹੈ ਕਿ ਮਹੰਤ ਗੱਜਾ ਸਿੰਘ ਵਰਗੇ ਮਹਾਨ ਸੰਗੀਤਕਾਰਾਂ ਨੇ ਜਨਮ ਲਿਆ। ਮਹੰਤ ਗੱਜਾ ਸਿੰਘ ਜੀ ਸ਼੍ਰੋਮਣੀ ਰਾਗੀ ਅਤੇ ਪੂਜਨੀਕ ਸੰਗੀਤਕਾਰ ਸਨ। ਆਪ ਜਿਥੇ ਤਾਊਸ ਵਜਾਉਣ ਵਿਚ ਮਾਹਿਰ ਸਨ ਉਥੇ ਸ਼ਾਸਤਰੀ ਸੰਗੀਤ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਵਿਵਹਾਰਿਕ ਰੂਪ ਨੂੰ ਵਿਸ਼ਲੇਸ਼ਿਤ ਕਰਨ ਵਿਚ ਆਪ ਵਿਲੱਖਣ ਸੂਝ ਰੱਖਦੇ ਸਨ ਇਸੇ ਲਈ ਹੀ ਮਹਾਰਾਜਾ ਭੁਪਿੰਦਰ ਸਿੰਘ ਨੇ ਮਹੰਤ ਗੱਜਾ ਸਿੰਘ ਜੀ ਕੋਲੋਂ ਗੁਰਮਤਿ ਸੰਗੀਤ ਗ੍ਰੰਥ ਲਿਖਵਾਇਆ, ਜਿਸ ਤੇ ਤਿੰਨ ਲੱਖ ਰੁਪਏ ਖਰਚ ਆਇਆ ਸੀ, ਇਸਦਾ ਖਰੜਾ ਅੱਜ ਵੀ ਅਜਾਇਬ ਘਰ ਵਿਚ ਮੌਜੂਦ ਹੈ। ਉਚ ਕੋਟੀ ਦੇ ਸੰਗੀਤਕਾਰ ਮਹੰਤ ਗੱਜਾ ਸਿੰਘ। ਜਿਥੇ ਮਹਾਰਾਜਾ ਭੁਪਿੰਦਰ ਸਿੰਘ ਜੀ ਦੇ ਦਰਬਾਰ ਦੇ ਦਰਬਾਰੀ ਗਾਇਕ ਸਨ ਉਥੇ ਉਹਨਾਂ ਦੇ ਸੰਗੀਤਕ ਗੁਰੂ ਵੀ ਸਨ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਜੀ ਨੂੰ ਆਪ ਨੇ ਸੰਗੀਤ ਵਿਦਿਆ ਦੀ ਦਾਤ ਦਿੱਤੀ। ਭਾਈ ਮਸਤਾਨ ਸਿੰਘ ਜੋ ਆਪ ਦੇ ਸ਼ਾਗਿਰਦ ਸਨ, ਨੇ ਗੁਰਬਾਣੀ ਦਾ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਵਿਚ ਕਾਫ਼ੀ ਪ੍ਰਸਿੱਧੀ ਹਾਸਿਲ ਕੀਤੀ। ਭਾਈ ਹਰਨਾਮ ਸਿੰਘ ਆਪਣੇ ਸਮੇਂ ਦੇ ਰਾਗੀਆਂ ਵਿਚ ਪ੍ਰਮੁੱਖ ਰਾਗੀ ਸਨ।

ਪਟਿਆਲੇ ਵਿਚ ਰਬਾਬੀ ਕਲਾਕਾਰਾਂ ਵਿਚੋਂ ਭਾਈ ਮਰਦਾਨਾ ਜੀ ਦੇ ਉਸਤਾਦ ਭਾਈ ਫਿਰੰਦਾ ਜੀ ਦੀ ਬੰਸ ਦਾ ਆਖਰੀ ਚਿਰਾਗ ਭਾਈ ਮਹਿਬੂਬ ਅਲੀ ਉਰਫ਼ ਭਾਈ ਬੂਬਾ ਸਿੰਘ ਰਬਾਬੀ ਸੀ ਜਿਸ ਦੇ ਬਰਾਬਰ ਦਾ ਸਿਤਾਰ ਵਾਦਕ ਅਤੇ ਰਬਾਬ ਵਾਦਕ ਪੂਰੇ ਹਿੰਦੁਸਤਾਨ ਵਿਚ ਨਹੀਂ ਸੀ। ਭਾਈ ਮਹਿਬੂਬ ਅਲੀ 'ਮਹਾਰਾਜਾ ਭੁਪਿੰਦਰ ਸਿੰਘ ਦੇ ਦਰਬਾਰ ਵਿਚ ਕੀਰਤਨ ਦੇ ਨਾਲ ਰਬਾਬ ਵਜਾਉਂਦੇ ਸਨ। ਰਾਜਾ ਕੰਵਰ ਮ੍ਰਿਗੇਂਦਰ ਸਿੰਘ ਨੇ ਗੁਰਮਤਿ ਸੰਗੀਤ ਦੀ ਵਿਦਿਆ ਭਾਈ ਮਹਿਬੂਬ ਅਲੀ ਕੋਲੋਂ ਪ੍ਰਾਪਤ ਕੀਤੀ। ਗੁਰਮਤਿ ਕੀਰਤਨ ਦੇ ਖੇਤਰ ਵਿਚ ਭਾਈ ਸੁਰਮੁਖ ਸਿੰਘ (ਪਟਿਆਲੇ ਵਾਲੇ ਕਰਨੈਲ ਸਿੰਘ ਦੇ ਸ਼ਗਿਰਦ) ਨੇ ਵੀ ਕੀਰਤਨ ਦੇ ਖੇਤਰ ਵਿਚ ਚੰਗਾ ਨਾਮਨਾ ਖੱਟਿਆ। ਉਸ ਸਮੇਂ ਬਾਬਾ ਪੁਸ਼ਕਰਾ ਸਿੰਘ ਜੀ ਪਟਿਆਲਾ ਦਰਬਾਰ ਵਿਚ ਇਕ ਚੰਗੇ ਬੀਨਾਕਾਰ ਸਨ ਜਿਨ੍ਹਾਂ ਨੂੰ ਹੋਰ ਵੀ ਤੰਤੀ ਸਾਜ਼ ਵਜਾਉਣ ਵਿਚ ਚੰਗੀ ਮੁਹਾਰਤ ਸੀ।

ਪਟਿਆਲੇ ਘਰਾਣੇ ਦੇ ਕਲਾਕਾਰਾਂ ਵਿਚੋਂ ਬਹੁਤੇ ਧਰੁਪਦ ਅੰਗ 'ਚੋਂ ਕੀਰਤਨ ਕਰਦੇ ਸਨ ਪਰ ਉਹਨਾਂ ਵਿਚੋਂ ਕੁਝ ਨੇ ਜਿਵੇਂ ਭਾਈ ਰੂੜਾ ਨੇ ਬਦਲੇ ਹਾਲਾਤ ਅਨੁਸਾਰ ਖਿਆਲਾਂ ਅੰਗ ਦੀ ਗਾਇਕੀ ਨੂੰ ਅਪਣਾਇਆ ਅਤੇ ਕੀਰਤਨ ਵਿਚ ਨਾਮਨਾ ਖੱਟਿਆ ਉਹ ਪਟਿਆਲੇ ਦੇ ਸੁਪ੍ਰਸਿੱਧ ਖਿਆਲ ਗਾਇਕ ਫ਼ਤਿਹਅਲੀ ਦੇ ਸ਼ਗਿਰਦ ਸਨ। ਇਹਨਾਂ ਦਾ ਸਿਲਸਿਲਾ ਪਿਛੋਂ ਰਬਾਬੀ ਖਾਨਦਾਨ ਨਾਲ ਜੁੜਦਾ ਸੀ ਜਿਨ੍ਹਾਂ ਦਾ ਇਕ ਵਡੇਰਾ ਭਾਈ ਨੰਦ ਗੁਰੂ ਗੋਬਿੰਦ ਸਿੰਘ ਜੀ

ਦਾ ਹਜ਼ੂਰੀ ਕੀਰਤਨੀਆ ਸੀ। ਇਸੇ ਦੌਰਾਨ ਪਟਿਆਲੇ ਦਰਬਾਰ ਵਿਚ ਭਾਈ ਕਾਲੂ ਸਿੰਘ ਜੀ ਦਾ ਜ਼ਿਕਰ ਆਉਂਦਾ ਹੈ ਜੋ ਰਬਾਬੀਆਂ ਦੇ ਵੰਸ਼ ਵਿਚ ਸਨ। ਉਹ ਕੀਰਤਨ ਵਿਚ ਗੁਰੂ ਅਰਜਨ ਦੇਵ ਜੀ ਦੀ ਕਾਢ ਸਰੰਦਾ ਵਜਾਇਆ ਕਰਦੇ ਸਨ। ਉਨ੍ਹਾਂ ਨੇ ਪਟਿਆਲਾ ਵਿਚ ਰਹਿ ਕੇ ਸੰਗਤਾਂ ਨੂੰ ਕੀਰਤਨ ਅਤੇ ਸਾਰੰਦਾ ਦੀ ਵਿੱਦਿਆ ਦਿੱਤੀ।

ਪਟਿਆਲਾ ਇਤਿਹਾਸਕ ਸ਼ਹਿਰ ਹੋਣ ਕਾਰਨ ਗੁਰਦੁਆਰਾ ਦੁਖਨਿਵਾਰਨ ਸਾਹਿਬ ਵਿਚ ੨੪ ਘੰਟੇ ਗੁਰਬਾਣੀ ਦਾ ਪ੍ਰਵਾਹ ਚਲਦਾ ਹੈ। ਇਹ ਮਾਣ ਵਾਲੀ ਗੱਲ ਹੈ ਕਿ ਇਸ ਸ਼ਹਿਰ ਵਿਚ ਸ. ਸੋਹਣ ਸਿੰਘ ਵਰਗੇ ਮਹਾਨ ਗਾਇਕ ਤੇ ਭਾਈ ਉਤਮ ਸਿੰਘ, ਭਾਈ ਬਖਸ਼ੀਸ਼ ਸਿੰਘ ਜੀ ਵਰਗੇ ਮਹਾਨ ਕੀਰਤਨੀਏ ਆਪਣੇ ਜੀਵਣ ਦਾ ਕਾਫੀ ਸਮਾਂ ਇਸ ਸ਼ਹਿਰ ਵਿਚ ਬਿਤਾ ਕੇ ਸੰਗਤਾਂ ਨੂੰ ਰਾਗ ਨਾਦ ਸ਼ਬਦ ਦੁਆਰਾ ਆਨੰਦਿਤ ਕਰਦੇ ਰਹੇ। ਭਾਈ ਬਖਸ਼ੀਸ਼ ਸਿੰਘ ਜੀ ਦੇ ਕੀਰਤਨ ਦੀ ਝਲਕ ਉਨ੍ਹਾਂ ਦੀ ਬੇਟੀ ਰਾਜਿੰਦਰ ਕੌਰ ਦੇ ਗਾਇਨ ਵਿਚ ਅੱਜ ਵੀ ਸਾਫ਼ ਨਜ਼ਰ ਆਉਂਦੀ ਹੈ। ਇਥੋਂ ਦੇ ਉਘੇ ਰਾਗੀ ਭਾਈ ਉੱਤਮ ਸਿੰਘ ਜਿਨ੍ਹਾਂ ਨੇ ਗੁਰਦੁਆਰਾ ਦੁਖਨਿਵਾਰਨ ਵਿਚ ਆਪਣੇ ਜੀਵਨ ਦਾ ਕਾਫੀ ਸਮਾਂ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਕੇ ਕੀਰਤਨ ਦੀ ਪੁਰਾਤਨ ਸ਼ੈਲੀ ਨੂੰ ਉਜਾਗਰ ਕੀਤਾ। ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ ਡਾ. ਸਰਬ ਸਿੰਘ ਜੋ ਕਿ ਮਹਾਨ ਕੀਰਤਨੀਏ ਇਕ ਮਹਾਨ ਸਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਨੇ ਗੁਰੂ ਅਰਜਨ ਕੀਰਤਨ ਮੰਡਲ ਦੀ ਸਥਾਪਨਾ ਕੀਤੀ। ਇਹ ਸੰਸਥਾ ਹੁਣ ਵੀ ਹਰ ਸਾਲ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਛੋਟੇ ਬੱਚਿਆ ਦੇ ਕੀਰਤਨ ਮੁਕਾਬਲੇ ਕਰਵਾ ਕੇ ਵੱਡਾ ਯੋਗਦਾਨ ਪਾ ਰਹੀ ਹੈ। ਭਾਈ ਹੀਰਾ ਸਿੰਘ ਜੀ ਤੇ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦੀ ਰਹਿਬਰੀ ਨੇ ਉਨਾਂ ਨੂੰ ਭਾਰਤ ਵਿਚ ਗੁਰੂ ਜੀ ਦੇ ਹਰਿਜਸ ਕੀਰਤਨ ਦੀਆਂ ਗੂੰਜਾਂ ਪਾਉਣ ਲਈ ਪ੍ਰੇਰਿਤ ਕੀਤਾ। ਪੰਥ ਵਿਚ ਸਤਿਕਾਰਯੋਗ ਭਾਈ ਸਾਹਿਬ ਰਣਧੀਰ ਸਿੰਘ ਵਲੋਂ ਆਰੰਭੀ ਅਖੰਡ ਕੀਰਤਨ ਲਹਿਰ ਨੇ ਵੀ ਗੁਰਬਾਣੀ ਮਿਲ ਕੇ ਗਾਇਨ ਕਰਨ ਦੀ ਰੀਤ ਨੂੰ ਰੈਣ ਸਬਾਈ ਕੀਰਤਨ ਦਿਨ ਸੁਹੇਲਾ ਤੇ ਹਫ਼ਤਾਵਰੀ ਸਮਾਗਮਾਂ ਰਾਹੀਂ ਬੇਅੰਤ ਸੰਗਤਾਂ ਨੂੰ ਕੀਰਤਨ ਨਾਲ ਸੰਜੋਇਆ।

ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਵਿਕਾਸ ਲਈ ਗੁਰਮਤਿ ਸੰਗੀਤ ਸੋਸਾਇਟੀ ਪਟਿਆਲਾ ਦਾ ਵੀ ਬੜਾ ਵੱਡਾ ਯੋਗਦਾਨ ਹੈ ਜਿਸ ਦੀ ਸਥਾਪਨਾ ਸੁਰਗਵਾਸੀ ਪ੍ਰੋ. ਤਾਰਾ ਸਿੰਘ ਨੇ ਕੀਤੀ। ਪ੍ਰੋ. ਤਾਰਾ ਸਿੰਘ ਸ਼ਾਸ਼ਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਪੂਰਨ ਗਿਆਤਾ ਸਨ ਜੋ ਗੁਰਮਤਿ ਸੰਗੀਤ ਨੂੰ ਅੱਡਰਾ ਸੰਗੀਤ ਮੰਨਦੇ ਸਨ। ਆਪ ਨੇ ਸਾਰੀ ਉਮਰ ਸਕੂਲ, ਕਾਲਜ ਅਤੇ ਛੋਟੇ ਛੋਟੇ ਬੱਚਿਆਂ ਨੂੰ ਗੁਰਬਾਣੀ ਕੀਰਤਨ ਦੀ ਸਿੱਖਿਆ ਦਿੱਤੀ ਅਤੇ ਗੁਰਬਾਣੀ ਸੰਗੀਤ ਵਿਚ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ। ੬ ਦਸੰਬਰ ੧੯੮੮ ਨੂੰ ਇਸ ਅਦੁੱਤੀ ਸ਼ਖਸੀਅਤ ਸੰਗੀਤਾਚਾਰੀਆਂ ਦਾ ਦੇਹਾਂਤ ਹੋ ਗਿਆ। ਇਸ ਸਮੇਂ ਗੁਰਮਤਿ ਸੰਗੀਤ ਸੋਸਾਇਟੀ ਨੂੰ ਸ੍ਰੀਮਤੀ ਸੁਰਜੀਤ ਕੌਰ (ਸੁਪਤਨੀ ਸੁਰਗਵਾਸੀ ਪ੍ਰੋ. ਤਾਰਾ ਸਿੰਘ) ਦੀ ਸਰਪ੍ਰਸਤੀ ਪ੍ਰਾਪਤ ਹੈ। ਲੜੀਵਾਰ ਕਿਸੇ ਨਾ ਕਿਸੇ ਗੁਰਸਿੱਖ ਦੇ ਘਰ ਬਗੈਰ ਕਿਸੇ ਭੇਟਾ ਆਦਿ ਦੇ ਕੀਰਤਨ ਗਾਇਨ ਕਰਨ ਦੀ ਚਲਾਈ ਗਈ ਹੈ ਜਿਸ ਵਿਚ ਡਾ. ਗੁਰਨਾਮ ਸਿੰਘ, ਪ੍ਰੋ. ਜਬਰਜੰਗ ਸਿੰਘ, ਡਾ. ਨਿਵੇਦਤਾ ਉੱਪਲ ਤੇ ਹੋਰ ਪ੍ਰੋ ਤਾਰਾ ਸਿੰਘ ਜੀ ਦੇ ਸ਼ਗਿਰਦ ਇਸ ਸਮਾਗਮ ਵਿਚ ਗੁਰਬਾਣੀ ਦਾ ਨਿਰਧਾਰਤ ਰਾਗਾਂ ਵਿਚ ਗਾਇਨ ਕਰਦੇ ਹਨ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੀ ਸਮੇਂ ਸਮੇਂ ਗੁਰਮਤਿ ਸੰਗੀਤ ਲਈ ਕਾਰਜਸ਼ੀਲ ਰਹੀ ਹੈ। ੧੯੬੯ ਵਿਚ ਗੁਰੂ ਗ੍ਰੰਥ ਸਾਹਿਬ ਅਧਿਐਨ ਸਾਹਿਬ ਵਿਭਾਗ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਤੇ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿਚ ਪ੍ਰੋ. ਸੋਹਣ ਸਿੰਘ, ਸ਼੍ਰੀ ਸ਼ੰਕਰ ਲਾਲ ਮਿਸ਼ਰਾ, ਕੰਵਰ ਮ੍ਰਿਗੇਂਦਰ ਸਿੰਘ, ਸ. ਪਿਆਰਾ ਸਿੰਘ, ਸ਼੍ਰੀ ਹਰੀਸ਼ ਚੰਦਰ ਬਾਲੀ, ਪ੍ਰੋ. ਅਵਤਾਰ ਸਿੰਘ ਅਤੇ ਭਾਈ ਬਲਬੀਰ ਸਿੰਘ ਜੀ ਨੇ ਪੁਰਾਤਨ ਰੀਤਾਂ ਅਨੁਸਾਰ ਕੀਰਤਨ ਕੀਤਾ। ਇਸ ਵਿਭਾਗ ਵਲੋਂ ਸਮੇਂ ਸਮੇਂ ਕੀਰਤਨ ਦਰਬਾਰਾਂ ਤੋਂ ਵੀ ਨਿਰਧਾਰਤ ਰਾਗਾਂ ਵਿਚ, ਪੁਰਾਤਨ ਰੀਤਾਂ ਵਿਚ ਗਾਏ ਜਾਣ ਵਾਲੇ ਸ਼ਬਦਾਂ ਨੂੰ ਰਿਕਾਰਡ ਕਰਵਾਇਆ। ਭਾਈ ਸਮੁੰਦ ਸਿੰਘ, ਭਾਈ ਧਰਮ ਸਿੰਘ ਜ਼ਖਮੀ, ਭਾਈ ਅਵਤਾਰ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਪ੍ਰਤਾਪ ਸਿੰਘ ਦਿੱਲੀ, ਭਾਈ ਸੁਧ ਸਿੰਘ, ਭਾਈ ਹਰਨਾਮ ਸਿੰਘ ਜੋਗੀ ਦਾ ਕੀਰਤਨ ਵਿਭਾਗ ਨੇ ਨਿਰਧਾਰਤ ਸ਼ੈਲੀ ਵਿਚ ਟੇਪ ਕਰਕੇ ਰੱਖਿਆ। ਵਿਭਾਗ ਨੇ ੧੯੬੯ ਵਿਚ ਭਾਈ ਸਾਹਿਬ ਭਾਈ ਅਵਤਾਰ ਸਿੰਘ ਤੇ ਗੁਰਚਰਨ ਸਿੰਘ ਪਾਸੋਂ ਬੇਨਤੀ ਕਰਕੇ ਇਕ ਕਿਤਾਬ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਲਿਖਵਾਈ ਜਿਸ ਵਿਚ ਉਨ੍ਹਾਂ ਨੇ ਪੁਰਾਤਨ ਕੀਰਤਨ ਸ਼ੈਲੀ ਅਨੁਸਾਰ ਰੀਤਾਂ ਨੂੰ ਲਿਖਿਆ। ਇਹ

ਗੁਰਮਤਿ ਸੰਗੀਤ ਲਈ ਵਡਮੁੱਲੀ ਦੇਣ ਹੈ। ਪ੍ਰੋ. ਤਾਰਾ ਸਿੰਘ ਵਲੋਂ ਲਿਖੀ ਪੁਸਤਕ ਗੁਰੂ ਗ੍ਰੰਥ ਰਾਗ ਰਤਨਾਵਲੀ ਸੰਗੀਤ ਦੇ ਵਿਦਿਆਰਥੀਆਂ ਲਈ ਅਤੇ ਸਮੂਹ ਸਿੱਖ ਸਮਾਜ ਲਈ ਤਿਆਰ ਕਰਕੇ ਇਕ ਵਡਮੁੱਲਾ ਯੋਗਦਾਨ ਪਾਇਆ। ਯੂਨੀਵਰਸਿਟੀ ਦੇ ਹੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਗੁਰਮਤਿ ਸੰਗੀਤ ਪ੍ਰਤੀ ਵਿਸ਼ੇਸ਼ ਸੈਮੀਨਾਰ ਤੇ ਪ੍ਰਾਜੈਕਟ ਆਰੰਭ ਕੇ ਇਸ ਖੇਤਰ ਵਿਚ ਆਪਣਾ ਸਥਾਨ ਬਣਾਇਆ ਹੈ। ਵਿਭਾਗ ਵਲੋਂ ੭-੮ ਦਸੰਬਰ, ੧੯੯੦ ਨੂੰ ਗੁਰਮਤਿ ਸੰਗੀਤ ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਿੰਘ ਬੰਧੂ, ਡਾ.ਪੇਤਲ, ਡਾ. ਜਗੀਰ ਸਿੰਘ, ਡਾ.ਗੁਰਨਾਮ ਸਿੰਘ, ਡਾ. ਜਸਬੀਰ ਸਿੰਘ ਸਾਬਰ ਅਤੇ ਡਾ. ਜਸਬੀਰ ਕੌਰ ਨੇ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਕੇ ਇਸ ਸ਼ੈਲੀ ਨੂੰ ਅਗਾਂਹ ਵਧੂ ਬਣਾਇਆ। ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਨੂੰ ਇਕ ਵਿਸ਼ੇ ਵਜੋਂ ਮਾਨਤਾ ਦੇ ਕੇ ਅਤੇ ਬੀ.ਏ, ਐਮ. ਏ. ਪੱਧਰ ਤੱਕ ਸ਼ੁਰੂ ਕਰਨ ਲਈ ਯਤਨਸ਼ੀਲ ਹੈ। ਯੂਨੀਵਰਸਿਟੀ ਦੇ ਸੀ.ਸੀ. ਵਿਭਾਗ ਵਲੋਂ ਡਾ. ਗੁਰਨਾਮ ਸਿੰਘ ਜੀ ਦੇ ਯਤਨਾਂ ਸਦਕਾ ਪਿਛਲੇ ਕੁਝ ਸਾਲਾਂ ਤੋਂ ਡਿਪਲੋਮਾ ਇਨ ਗੁਰਮਤਿ ਸੰਗੀਤ ਸ਼ੁਰੂ ਕੀਤਾ ਹੈ ਜੋ ਕਿ ਬੜੀ ਵੱਡੀ ਪ੍ਰਾਪਤੀ ਹੈ।

੫੮ਵੀਂ ਸਰਬਹਿੰਦ ਕਾਨਫ਼ਰੰਸ ਵਿਚ ਪਟਿਆਲੇ ਦੇ ਗੁਰਮਤਿ ਸੰਗੀਤ ਪ੍ਰੇਮੀਆਂ ਨੇ ਰਲ ਕੇ ਕਾਨਫ਼ਰੰਸ ਦੇ ਦੌਰਾਨ ਇਕ ਵਿਸ਼ੇਸ਼ ਕੀਰਤਨ ਦਰਬਾਰ (ਰਾਗ ਗਉੜੀ ਦੇ ਪ੍ਰਕਾਰ) ਕਰਾਇਆ ਜੋ ਕਿ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਨਾ ਸੀ। ਇਸ ਵਿਚ ਪਟਿਆਲੇ ਦੇ ਗੁਰਮਤਿ ਸੰਗੀਤਕਾਰਾਂ ਵਧ ਚੜ੍ਹ ਕੇ ਹਿੱਸਾ ਲਿਆ। ਜੋ ਆਪਣੀ ਮਿਸਾਲ ਆਪ ਸੀ। ਪਟਿਆਲਾ ਸ਼ਹਿਰ ਵਿਚ ਹੀ ਇਸ ਵਕਤ ਗੁਰਮਤਿ ਸੰਗੀਤ ਸਿਖਾਉਣ ਅਤੇ ਸਿੱਖਣ ਲਈ ਵਿਸ਼ੇਸ਼ ਤੌਰ ਤੇ ਪ੍ਰੋ.ਚਤਰ ਸਿੰਘ ਸੰਗੀਤ ਅਕੈਡਮੀ ਅਤੇ ਗੁਰੂ ਨਾਨਕ ਸੰਗੀਤ ਅਕੈਡਮੀ ਦੇ ਨਾਮ ਵਰਨਣ ਯੋਗ ਹਨ, ਜੋ ਬੱਚਿਆਂ ਨੂੰ ਨਿਰਧਾਰਤ ਰਾਗਾਂ ਅਨੁਸਾਰ ਸ਼ਬਦ ਕੀਰਤਨ ਸਿਖਾ ਕੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਾਧਾ ਕਰ ਰਹੇ ਹਨ। ਗੁਰੂ ਨਾਨਕ ਸੰਗੀਤ ਅਕੈਡਮੀ ਵਿਚ ਬਕਾਇਦਾ ਤੌਰ ਤੇ ਗੁਰਮਤਿ ਸੰਗੀਤ ਦਾ ਸਲੇਬਸ ਤਿਆਰ ਕਰਕੇ ਤਿੰਨ ਮਹੀਨੇ ਬਾਅਦ ਪੇਪਰ ਲਿਆ ਜਾਂਦਾ ਹੈ।

ਸਿੱਖ ਰਿਲੀਜਨ ਅਕੈਡਮੀ ਵਲੋਂ ਵੀ ਸਮੇਂ ਸਮੇਂ ਬੱਚਿਆਂ ਦੇ ਨਿਰਧਾਰਤ ਰਾਗਾਂ ਵਿਚ ਕੀਰਤਨ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਨਾਲ ਹੀ ਗੁਰਮਤਿ ਸੰਗੀਤ ਵਰਕਸ਼ਾਪ ਲਗਾ ਕੇ ਕੀਰਤਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਵਿਹਾਰਕ ਖੇਤਰ ਵਿਚ ਜਿਹੜੇ ਵਿਦਵਾਨ ਵਿਸ਼ੇਸ਼ ਤੌਰ ਤੇ ਕਾਰਜਸ਼ੀਲ ਹਨ ਉਹਨਾਂ ਦਾ ਜ਼ਿਕਰ ਕਰਨਾ ਨਿਸ਼ਚੇ ਹੀ ਮਹੱਤਵਪੂਰਨ ਹੈ। ਇਨ੍ਹਾਂ ਵਿਦਵਾਨਾਂ ਵਿਚ ਡਾ. ਗੁਰਨਾਮ ਸਿੰਘ, ਡਾ. ਦਰਸ਼ਨ ਸਿੰਘ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਡਾ. ਅਜੀਤ ਸਿੰਘ ਪੇਂਤਲ, ਡਾ. ਜਾਗੀਰ ਸਿੰਘ, ਸੰਤ ਸਰਵਣ ਸਿੰਘ, ਭਾਈ ਦਿਆਲ ਸਿੰਘ, ਭਾਈ ਉੱਤਮ ਸਿੰਘ, ਪ੍ਰੋ. ਪਰਮਜੋਤ ਸਿੰਘ ਤੇ ਡਾ. ਜਸਬੀਰ ਕੌਰ, ਪ੍ਰੋ. ਕਵਲਜੀਤ ਸਿੰਘ, ਪ੍ਰੋ. ਜਸਪਾਲ ਸਿੰਘ ਆਦਿ ਵਿਸ਼ੇਸ਼ ਹਨ। ਡਾ. ਗੁਰਨਾਮ ਸਿੰਘ ਜੀ ਵਲੋਂ ੩੧ ਰਾਗਾਂ ਤੇ ਪ੍ਰਕਾਰਾਂ ਵਿਚ ਨਿਰਧਾਰਿਤ ਰਾਗਾਂ ਵਿਚ ਸ਼ਬਦ ਕੀਰਤਨ ਰਿਕਾਰਡ ਕਰਵਾਇਆ ਹੈ ਜੋ ਸਿੱਖ ਕੌਮ ਲਈ ਅਤੇ ਗੁਰਮਤਿ ਕੀਰਤਨੀਏ ਲਈ ਸਮੇਂ ਦੀ ਲੋੜ ਸੀ ਇਕ ਵੱਡਾ ਉਪਰਾਲਾ ਹੈ। ਇਸ ਦੇ ਨਾਲ ਹੀ ਉਹਨਾਂ ਵਲੋਂ ਲਿਖਿਆ ਜਾ ਰਹੀਆਂ ਪੁਸਤਕਾਂ ਗੁਰਮਤਿ ਸੰਗੀਤ ਸੰਦਰਭ ਕੋਸ਼, ਲੋਕ ਸੰਗੀਤ ਵਿਰਾਸਤ ਜਲਦੀ ਹੀ ਸੰਗੀਤ ਪ੍ਰੇਮੀਆਂ ਦੇ ਭੇਟ ਕੀਤੀਆਂ ਜਾ ਰਹੀਆਂ ਹਨ। ਪਟਿਆਲਾ ਦੀ ਇਕ ਹੋਰ ਜਾਣੀ ਪਛਾਣੀ ਹਸਤੀ ਤੇ ਪ੍ਰਸਿੱਧ ਸੰਗੀਤਕਾਰ ਪ੍ਰੋ. ਸ਼ਮਸ਼ੇਰ ਸਿੰਘ ਜੀ ਕਰੀਰ ਜਿਨ੍ਹਾਂ ਦਾ ਗੁਰਮਤਿ ਸੰਗੀਤ, ਸ਼ਾਸ਼ਤਰੀ ਸੰਗੀਤ ਵਿਚ ਬੜਾ ਵਡਮੁੱਲਾ ਯੋਗਦਾਨ ਹੈ, ਪਟਿਆਲਾ ਵਿਚ ਰਹਿ ਕੇ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ ਉਹਨਾਂ ਵਲੋਂ ਇਸ ਵਿਸ਼ੇ ਨਾਲ ਸਬੰਧਤ ਕਈ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ ਅਤੇ ਕਈ ਵੱਡੇ ਪ੍ਰੋਜੈਕਟਾਂ ਤੇ ਕੰਮ ਕੀਤਾ ਜਾ ਰਿਹਾ ਹੈ। ਸਾਡੀ ਦਿਲੀ ਕਾਮਨਾ ਹੈ ਕਿ ਗੁਰਮਤਿ ਸੰਗੀਤ ਆਪਣੇ ਪੁਰਾਤਨ ਵਿਰਸੇ ਨਾਲ ਜੁੜੇ। □


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

# ਕੀਰਤਨ ਵਿਚ ਸਾਜ਼

## ਕਮਲਜੀਤ ਸਿੰਘ

889, ਫੇਜ਼ 10, ਮੁਹਾਲੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਰਬਾਬ, ਬੀਨਾ, ਵਾਜਾ, ਕਿੰਗਰੀ, ਸਿੰਗੀ, ਮੁਰਲੀ, ਪਖਾਵਜ, ਮ੍ਰਿਦੰਗ, ਢੋਲਕ, ਮੰਜੀਰ, ਘੁੰਗਰੂ, ਨਾਦ ਅਨੇਕਾਂ ਵਾਜਿਆਂ ਦੇ ਹਵਾਲੇ ਮਿਲਦੇ ਹਨ ਪਰ ਉਂਜ ਸੰਗਤ ਵਿਚ ਰਬਾਬ, ਮ੍ਰਿਦੰਗ, ਸਾਰੰਦਾ, ਸਾਰੰਗੀ, ਤਾਊਸ, ਦਿਲਰੁਬਾ ਤੇ ਤਬਲਾ, ਢੋਲਕ ਆਦਿ ਦੀ ਵਰਤੋਂ ਰਹੀ ਹੈ। ਜਨ ਸਾਧਾਰਣ ਵਿਚ ਕੈਸੀਆਂ ਪੜਤਾਲਾਂ ਤੇ ਚਿਮਟੇ ਆਦਿ ਦਾ ਵੀ ਵਰਤਾਰਾ ਹੈ। ਰੂਹਾਨੀ ਵਿਕਾਸ ਨਾਲ ਐਸੀ ਇਕਸੁਰਤਾ ਪੈਦਾ ਹੁੰਦੀ ਹੈ ਜਿਸਦੇ ਸਿੱਟੇ ਵਜੋਂ ਇਉਂ ਲਗਦਾ ਹੈ ਜਿਵੇਂ ਕਿ ਅਨੇਕਾਂ ਵਾਜਿਆਂ ਦੀ ਗੁੰਜਾਰ ਸੁਣਾਈ ਦਿੰਦੀ ਹੋਵੇ। ਇਹ ਮਨੁੱਖੀ ਅਨੰਦ ਪ੍ਰਸੰਨਤਾ ਦੇ ਪ੍ਰਗਟਾਵੇ ਦਾ ਇਕ ਵਧੀਆ ਚਿੰਨ੍ਹ ਮੰਨਿਆ ਗਿਆ ਤੇ ਰਹੱਸਵਾਦੀ ਸੰਤਾਂ ਨੇ ਇਨ੍ਹਾਂ ਅਵਾਜ਼ਾਂ ਨੂੰ ਦਸ ਭਾਗਾਂ ਵਿਚ ਵੰਡ ਕੇ ਇਉਂ ਵੀ ਚਿਤ੍ਰਿਤ ਕੀਤਾ ਹੈ :

ਪ੍ਰਿਥਮੇ ਭੰਵਰ ਗੁੰਜਾਰ ਦੂਸਰੇ ਘੁੰਗਰ ਵਾਜੇ। ਤੀਜੇ ਸ਼ਬਦ ਸੁ ਸੰਖ, ਘੰਟਿਕਾ ਚਉਥੈ ਗਾਜੇ।
ਵਜੈ ਪੰਚਮੇ ਤਾਲ, ਛਠੈ ਮੁਰਲੀ ਧੁਨਿ ਭਨਕੇ। ਸੁਨੇ ਸਾਂਤਮੇ ਭੇਰਿ, ਆਠਮੇ ਮੰਦਿਲ ਠਨਕੇ।
ਨਵਮੇਂ ਸ਼ਬਦ ਨਵੀਰਨ, ਦਸਵੇਂ ਗਰਜਬ ਸ਼ੇਰ। ਸਭ ਮਿਲਿ ਘੋਰ ਸੁਨੇ ਤਹਾਂ ਜੇ ਹੈ ਮੁਨਿਜਨ ਮੇਰ।

ਇਹ ਬਾਹਰਲੀ ਦੇਣ ਨਾਲ ਵਜਣ ਵਾਲੇ ਆਹਤ ਸਾਜਾਂ ਦਾ ਅਲੰਕਾਰ ਸਿਰਜਿਆ ਗਿਆ ਹੈ। ਇਸ ਤੋਂ ਇਲਾਵਾ ਅਨਾਹਤ ਧੁਨ ਦਾ ਵੀ ਚਰਚਾ ਹੈ, ਜਿਸ ਨੂੰ ਉਚੀ ਸੁਰਤਿ ਰੱਖਣ ਵਾਲੇ ਮਹਾਂਪੁਰਸ਼ ਹੀ ਸੁਣ ਸਕਦੇ ਤੇ ਇਸ ਬਾਰੇ ਕੁਝ ਕਹਿ ਸਕਦੇ ਹਨ। ਪੁਰਾਤਨ ਸਿੰਘ ਪਰੰਪਰਾ ਵਿਚ ਜਿਨ੍ਹਾਂ ਸਾਜ਼ਾਂ ਦੀ ਵਰਤੋਂ ਵਧੇਰੇ ਹੈ, ਉਨ੍ਹਾਂ ਦੀ ਕੁਝ ਕੁ ਜਾਣ ਪਛਾਣ ਇਸ ਤਰ੍ਹਾਂ ਹੈ :

1. ਰਬਾਬ : ਭਾਰਤੀ ਤੰਤੀ ਸਾਜ਼ਾਂ ਵਿਚ ਸਭ ਤੋਂ ਪੁਰਾਤਨ ਵੀਣਾ ਹੈ ਜੋ ਤਾਰਾਂ ਦੀ ਗਿਣਤੀ ਤੇ ਸਰੂਪ ਕਾਰਨ ਕਈ ਪ੍ਰਕਾਰ ਦੀ ਦੱਸੀ ਜਾਂਦੀ ਹੈ। ਰਬਾਬ ਇਸੇ ਕਿਸਮ ਦਾ ਤੰਤੀ ਸਾਜ਼ ਹੈ ਜੋ ਵਧੇਰੇ ਮੱਧ ਏਸ਼ੀਆ ਦੇ ਇਲਾਕਿਆਂ ਵਿਚ ਪ੍ਰਸਿੱਧ ਰਿਹਾ ਹੈ, ਹੁਣ ਵੀ ਅਰਬ, ਇਰਾਕ, ਈਰਾਨ ਤੇ ਅਫਗਾਨਿਸਤਾਨ ਵਿਚ ਬਤੌਰ ਲੋਕ ਸਾਜ਼ ਦੇ ਇਸਦੀ ਵਰਤੋਂ ਵਧੇਰੇ ਹੈ। ਕੋਈ ਇਸਦਾ ਮੋਢੀ ਸਕੰਦਰੁਲਜ਼ੁਨੈਲ, ਕੋਈ ਅਮੀਰ ਖੁਸਰੋ ਤੇ ਕੋਈ ਤਾਨਸੈਨ ਨੂੰ ਦੱਸਦਾ ਹੈ ਪਰ ਅਜਿਹਾ ਨਹੀਂ। ਇਹ ਤਾਂ ਲੋਕ ਸੰਗੀਤ ਦਾ ਪ੍ਰਸਿੱਧ ਸਾਜ ਹੈ ਜਿਸ ਨੂੰ ਚਾਰ ਜਾਂ ਛੇ ਤਾਰਾਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਇਕ ਤੰਦ ਅਜਿਹੀ ਵੀ ਹੁੰਦੀ ਹੈ ਜਿਸ ਨੂੰ ਜ਼ੀਲ ਕਹਿੰਦੇ ਹਨ ਤੇ ਇਹ ਮਿਜਰਾਬ (ਧਾਤ, ਪੱਥਰ, ਦੰਦ ਜਾਂ ਲੱਕੜ ਦਾ ਨਿੱਕਾ ਟੋਟਾ) ਨਾਲ ਵਜਾਈ ਜਾਂਦਾ ਹੈ। ਪਹਿਲੇ ਸਮਿਆਂ ਵਿਚ ਅਰਬ ਆਦਿ ਦੇਸ਼ਾਂ ਅੰਦਰ ਇਸ ਨੂੰ ਗਜ ਨਾਲ ਵੀ ਵਜਾਇਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੂੰ ਇਹ ਸਾਜ਼ ਬਹੁਤ ਪਸੰਦ ਸੀ ਤੇ ਉਹ ਪ੍ਰਚਾਰ ਦੌਰਿਆਂ ਸਮੇਂ ਰਬਾਬ ਆਪਣੇ ਹਮੇਸ਼ਾਂ ਨਾਲ ਰੱਖਦੇ ਤੇ ਇਹ ਸਾਜ਼ ਦਾ ਸਿਆਣਾ ਵਜੰਤ੍ਰੀ ਭਾਈ ਮਰਦਾਨਾ ਸਦਾ ਸਾਥ ਰਹਿੰਦਾ ਸੀ।

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮਿਰਾਸੀ।

2. ਸਰੰਦਾ : ਸਰੰਦਾ ਅਰਥਾਤ ਸੁਰਾਂ ਦਾ ਬਾਦਸ਼ਾਹ ਇਹ ਵੀ ਪੁਰਾਤਨ ਤੰਤੀ ਸਾਜ਼ ਹੈ। ਜਿਸ ਨੂੰ ਦੋ ਲੋਹੇ ਦੇ ਤੇ ਇਕ ਚਮੜੇ ਦਾ ਤਾਰ ਹੁੰਦਾ ਹੈ ਤੇ ਤੂੰਬਾ ਜਰਾ ਝੁਕਵਾਂ ਲੱਗਾ ਹੁੰਦਾ ਹੈ। ਸਿੱਖ ਰਵਾਇਤ ਅਨੁਸਾਰ ਗੁਰੂ ਅਰਜਨ ਸਾਹਿਬ ਇਸ ਵਿਚ ਵਿਸ਼ੇਸ਼ ਮੁਹਾਰਤ ਰੱਖਦੇ ਸਨ ਤੇ ਇਹ ਗਜ਼ ਨਾਲ ਵਜਾਇਆ ਜਾਂਦਾ ਹੈ।

3. ਸਾਰੰਗੀ : ਸਰੰਗੀ ਸੁਰਾਂ ਦੀ ਲੜੀ ਜੁੜੀ ਹੋਣ ਕਰਕੇ ਇਸ ਨੂੰ ਸਾਰੰਗੀ ਕਿਹਾ ਜਾਂਦਾ ਹੈ, ਕਈ ਕਹਿੰਦੇ ਹਨ ਇਸ ਵਿਚ ਸੌ ਤਾਰ ਲੱਗੀ ਹੁੰਦੀ ਹੈ ਪਰੰਤੂ ਐਸਾ ਨਹੀਂ। ਇਹ ਜਰੂਰੀ ਹੈ ਕਿ ਉਤਲੀਆਂ ਚਾਰ ਪੰਜ ਤਾਰਾਂ ਦੇ ਹੇਠ, ਦਰਜਨਾਂ ਸੂਖਮ ਤਰਬਾਂ ਲੱਗੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਿਆਣਾ ਵਜੰਤ੍ਰੀ ਉਂਗਲੀ ਨਾਲ ਛੇੜ ਦੇ ਨਵੀਆਂ ਨਵੀਆਂ ਸੁਰਾਂ ਕੱਢ ਲੈਂਦਾ ਹੈ। ਇਹ ਗਜ ਨਾਲ ਵਜਾਈਦੀ ਹੈ। ਖਾਸ ਕਰਕੇ ਢਾਡੀ ਇਸਦੀ ਵਰਤੋਂ ਕਰਦੇ ਹਨ ਤੇ ਗੁਰੂ

ਹਰਗੋਬਿੰਦ ਸਾਹਿਬ ਜੀ ਦੇ ਸਮੇਂ ਇਹ ਸਾਜ ਗੁਰੂ ਦਰਬਾਰ ਵਿਚ ਆਇਆ ਤੇ ਪਿੰਡ ਸੁਰ ਸਿੰਘ ਵਾਸੀ ਅਬਦੁੱਲਾ ਤੇ ਨੱਥਮਲ ਢਾਡੀ ਨੇ ਅਨੇਕਾਂ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਦਾ ਇਕ ਰੂਪ ਸਾਰੰਗਾ ਵੀ ਹੈ ਜੋ ਥੋੜਾ ਛੋਟਾ ਹੁੰਦਾ ਹੈ।

4. ਤਾਨਪੁਰਾ : ਤਾਨਪੁਰਾ ਜਾਂ ਤੰਬੂਰਾ ਵੀ ਰਬਾਬ ਵਰਗਾ ਤੰਤੀ ਸਾਜ਼ ਹੈ। ਇਹ ਤੂੰਬੇ ਉਤੇ ਤਾਰਾਂ ਲਾਕੇ ਬਣਾਇਆ ਜਾਂਦਾ ਹੈ। ਇਸਦੇ ਇਕ ਤਾਰਾ ਦੁਤਾਰਾ, ਚੌਤਾਰਾ ਕਈ ਭੇਦ ਹਨ। ਇਕ ਤਾਰਾ ਜਾਂ ਦੋਤਾਰਾ ਪੰਜਾਬ ਵਿਚ ਆਮ ਪ੍ਰਚੱਲਤ ਹੈ।

5. ਸਤਾਰ : ਤਿੰਨ ਤਾਰਾ ਜਾਂ ਸੱਤ ਤਾਰਾ ਦੇ ਪ੍ਰਸਿੱਧ ਤੰਤੀ ਸਾਜ਼ ਜੋ ਅਜੋਕੇ ਸਮੇਂ ਵਿਚ ਸਭ ਤੋਂ ਵੱਧ ਵਰਤੀਂਦਾ ਹੈ ਇਹ ਪਹਿਲੇ ਤਿੰਨ ਤਾਰਾਂ ਦਾ ਹੁੰਦਾ ਸੀ ਜਿਸ ਨੂੰ ਮੱਧਮ ਸੁਰ ਲਈ ਲੋਹੇ ਦੀ ਤਾਰ ਤੇ ਖੜਜ ਸੁਰ ਲਈ ਦੋ ਪਿੱਤਲ ਦੀਆਂ ਤਾਰਾਂ ਲੱਗਦੀਆਂ ਸਨ। ਕਈ ਇਸਨੂੰ ਈਰਾਨੀ ਸਾਜ਼ ਕਹਿੰਦੇ ਤੇ ਕੁਝ ਕੁ ਦੀ ਰਾਇ ਹੈ ਕਿ ਇਹ ਹਿੰਦ ਵਿਚ ਵੀ ਕਿਸੇ ਸਮੇਂ ਮੌਜੂਦ ਸੀ।

6. ਤਾਊਸ : ਤਾਊਸ ਅਰਬੀ ਵਿਚ ਮੋਰ ਨੂੰ ਕਹਿੰਦੇ ਹਨ। ਮੋਰ ਦੀ ਸ਼ਕਲ ਦਾ ਇਹ ਤੰਤੀ ਸਾਜ਼ ਗਜ ਨਾਲ ਵਜਾਈਦਾ ਹੈ।

7. ਦਿਲਰੁਬਾ : ਇਹ ਫਾਰਸੀ ਨਾਮ ਹੈ, ਜਿਸਦਾ ਅਰਥ ਹੈ ਦਿਲ ਨੂੰ ਰੂਹ ਪਾਉਣ ਵਾਲਾ ਸਾਜ਼।

8. ਮ੍ਰਿਦੰਗ : ਢੋਲਕੀ ਵਰਗਾ ਪੁਰਾਤਨ ਚਮੜੇ ਨਾਲ ਮੜ੍ਹਿਆ ਸਾਜ਼। ਇਸਦਾ ਚਰਚਾ ਭਾਰਤ ਦੇ ਨਾਟਯ ਸ਼ਾਸਤਰ ਵਿਚ ਵੀ ਕੀਤਾ ਹੈ ਤੇ ਬਾਲਮੀਕ ਰਮਾਇਣ ਤੇ ਮਹਾਂਭਾਰਤ ਵਿਚ ਵੀ ਇਸਦਾ ਹਵਾਲਾ ਮਿਲਦਾ ਹੈ। ਪਹਿਲੇ ਮਿੱਟੀ ਦਾ ਬਰਤਨ ਬਣਾਕੇ ਉਸਨੂੰ ਦੋਹਾਂ ਪਾਸਿਆਂ ਤੋਂ ਚਮੜੇ ਨਾਲ ਮੜ੍ਹ ਲਈਦਾ ਸੀ। ਇਕ ਪਾਸਾ ਛੋਟੇ ਆਕਾਰ ਦਾ ਤੇ ਦੂਜਾ ਪਾਸਾ ਵੱਡੇ ਅਕਾਰ ਦਾ ਹੁੰਦਾ ਹੈ। ਹੁਣ ਧਾਤ ਜਾਂ ਲੱਕੜ ਦਾ ਖੋਲ ਬਣਾਕੇ ਉਸਨੂੰ ਮੜ੍ਹਿਆ ਜਾਂਦਾ ਹੈ। ਪਖਾਵਜ ਵੀ ਇਹੋ ਹੈ। ਭਰਤ ਮੁਨੀ ਨੇ ਲਿਖਿਆ ਹੈ ਕਿ ਮ੍ਰਿਦੰਗ ਵਜਾਵਣਹਾਰ ਦੇ ਹੱਥ ਜਿੰਨੇ ਨਿੱਕੇ ਹੋਣ ਤਾਂ ਚੰਗਾ ਹੈ।

9. ਤਬਲਾ : ਇਹ ਅਰਬੀ ਪਦ ਹੈ, ਤਬਲ ਨਗਾਰੇ ਨੂੰ ਕਹਿੰਦੇ ਹਨ, ਅੱਜਕਲ੍ਹ ਇਸਦਾ ਪ੍ਰਚੱਲਤ ਨਾਮ ਜੋੜੀ ਹੈ, ਜੋੜੀ ਇਸ ਲਈ ਕਿ ਪੁੜੇ ਤੇ ਧਾਮੇ ਦੇ ਦੋ ਪਾਤਰ ਬਣਾ ਕੇ ਇਸਨੂੰ ਚਮੜੇ ਨਾਲ ਮੜ੍ਹ ਲਿਆ ਜਾਂਦਾ ਹੈ। ਇਸਦੀਆਂ ਗਤਾਂ ਵਜਾਉਣ ਲਈ ਕਈ ਪ੍ਰਕਾਰ ਦੇ ਬੋਲ ਯਾਦ ਕਰਨੇ ਪੈਂਦੇ ਹਨ। ਪੁਰਾਤਨ ਗਵੱਈਏ ਇਹ ਬੋਲ ਮ੍ਰਿਦੰਗ ਵਿਚੋਂ ਕੱਢਦੇ ਸਨ ਤੇ ਅਜਕਲ ਸਿਆਣੇ ਤਬਲਚੀ ਜੋੜੀ ਵਿਚੋਂ ਬੋਲ ਕੱਢਦੇ ਤੇ ਕਈ ਕਿਸਮ ਦੇ ਠਾਠ ਬੰਨ੍ਹਦੇ ਹਨ। ਇਹ ਹੱਥਾਂ ਦੀ ਬਾਤਰਤੀਬ ਚੋਣ ਤੇ ਚਪਲਤਾ ਦਾ ਚਮਤਕਾਰ ਹੈ। ਇਹ ਦੂਜੇ ਸਾਜਾਂ ਦੇ ਕੇ ਰਸਰੰਗ ਨੂੰ ਦੂਣਾ ਚਾਉਣਾ ਕਰਦਾ ਹੈ ਤੇ ਜੋ ਸੁਤੰਤਰ ਤੌਰ 'ਤੇ ਤਬਲਚੀ ਆਪਣੀ ਕਾਰੀਗਰੀ ਦਿਖਾਏ ਤਾਂ ਉਹ ਵੀ ਅਨੋਖਾ ਰੰਗ ਬੰਨ੍ਹ ਛੱਡਦਾ ਹੈ।

10. ਢੋਲਕੀ : ਮ੍ਰਿਦੰਗ ਦਾ ਇਕ ਸਧਾਰਨ ਲੋਕ ਰੂਪ ਜੋ ਲੱਕੜ ਦੇ ਪੋਲ ਉੱਤੇ ਚਮੜੇ ਨਾਲ ਮੜ੍ਹਿਆ ਹੁੰਦਾ ਹੈ ਤੇ ਫਿਰ ਡੋਰਾ ਪਾ ਕੇ ਕਸਿਆ ਹੁੰਦਾ ਹੈ। ਸਿਆਣੇ ਢੋਲਕੀਏ ਇਸ ਨਾਲ ਵੀ ਚੰਗਾ ਠਾਠ ਬੰਨ੍ਹ ਦਿੰਦੇ ਹਨ। ਜਨਸਧਾਰਨ ਦੇ ਸਮੂਹ ਗਾਇਨ ਵਿਚ ਇਹ ਸਾਜ਼ ਬਹੁਤ ਪ੍ਰਸਿੱਧ ਹੈ।

11. ਢੱਡ : ਇਹ ਨਿੱਕਾ ਜਿਹਾ ਡੌਰੂ ਵਰਗਾ ਸਾਜ਼, ਢਾਡੀਆਂ ਦਾ ਜਾਦੂ ਡੰਡਾ ਹੈ ਜੋ ਕਿ ਸਾਰੰਗੀ ਦੇ ਨਾਲ ਨਾਲ ਵਜਾਇਆ ਜਾਂਦਾ ਹੈ। ਢੱਡ ਤੇ ਡੌਰੂ ਇਸ ਦੇ ਭੈਣ ਭਾਈ ਹਨ। ਪੁਰਾਤਨ ਸ਼ਬਦ ਹੈ... ਦਿਵਾਦਯ ਅਰਥਾਤ ਦੋਹਾਂ ਪਾਸਿਆਂ ਤੋਂ ਵੱਜਣ ਵਾਲਾ।

12. ਹਰਮੋਨੀਅਮ : ਇਹ ਯੂਰਪ ਤੋਂ ਆਇਆ ਸਾਜ਼ ਹੈ। ਹਰਮੋਨੀਅਮ ਦਾ ਅੱਖਰੀ ਅਰਥ ਹੈ, ਸੁਰ ਹੋਇਆ ਸਾਜ਼। ਇਸਦੇ ਦੋ ਜਾਂ ਤਿੰਨ ਸਪਤਕ ਹੁੰਦੇ ਹਨ ਤੇ ਨਾਲ ਲੱਗੇ ਪੱਖੇ ਨਾਲ ਹਵਾ ਦੇਕੇ ਵਜਾਈਦਾ ਹੈ। ਅੱਜਕਲ੍ਹ ਦੇ ਰਾਗੀਆਂ ਵਿਚ ਇਸਦੀ ਪ੍ਰਧਾਨਤਾ ਹੈ ਜਿਸ ਕਰਕੇ ਤੰਤੀ ਸਾਜਾਂ ਦਾ ਪ੍ਰਚਾਰ ਘੱਟ ਗਿਆ ਹੈ। ਪੇਂਡੂ ਹਲਕਿਆਂ ਵਿਚ ਵਧੇਰੇ ਢੋਲਕੀ, ਚਿਮਟਾ, ਛੈਣੇ ਖੜਤਾਲਾਂ ਤੇ ਕਸੀਆਂ ਟੱਲੀਆਂ ਆਦਿ ਦੀ ਵਰਤੋਂ ਜ਼ਿਆਦਾ ਹੈ, ਇਸ ਕਰਕੇ ਸੂਖਮ ਸਾਜ਼ਾਂ ਦੀ ਸੋਝੀ ਤੇ ਸ਼ੋਕ ਵੀ ਮੱਧਮ ਪੈ ਰਿਹਾ ਹੈ। ਸਵਰਗਵਾਸੀ ਸ੍ਰ. ਗੁਰਬਖਸ਼ ਸਿੰਘ ਕੇਸਰੀ ਨੇ ਕਦੀ ਲਿਖਿਆ ਸੀ।

ਪਖੰਡੀ ਖਾ ਗਏ ਧਰਮ ਸਭ, ਜਲਸਾ ਖਾ ਗਿਆ ਰਾਗ। ਚਿਮਟੇ ਖਾਧੇ ਸਾਜ ਸਭ ਅਹੋ ਦੋਸ ਦੁਰਭਾਗ।

ਸੋ ਲੋੜ ਹੈ ਕਿ ਤੰਤੀ ਸਾਜਾਂ ਦੀ ਸੁਰਤ ਸੰਭਾਲ ਕਰਕੇ ਸਿੱਖ ਸੰਗੀਤ ਨੂੰ ਮੁੜ ਉਚ ਪੱਧਰ ਤੇ ਲਿਆਂਦਾ ਜਾਵੇ।

# ਗੁਰਬਾਣੀ ਸੰਗੀਤ ਵਿਚ 'ਘਰ' ਬਾਰੇ ਵੀਚਾਰ

ਪ੍ਰਿਤਪਾਲ ਸਿੰਘ

17-18 ਚਹਿਲ ਗਲੀ, ਕੜਾਹ ਵਾਲਾ ਚੌਂਕ, ਪਟਿਆਲਾ

ਕਾਫੀ ਸਮੇਂ ਤੋਂ ਦਾਸ ਦੀ ਹਾਰਦਿਕ ਅਤੇ ਤੀਬਰ ਖਾਹਿਸ਼ ਸੀ ਕਿ "ਗੁਰਬਾਣੀ ਸੰਗੀਤ" ਬਾਰੇ ਜੋ ਮਨ ਵਿਚ ਵਿਚਾਰਾਂ ਹਨ, ਉਹ ਪੰਥ ਦੇ ਗੁਣੀਜਨਾਂ ਅਤੇ ਰਾਗੀਆਂ ਨਾਲ ਸਾਂਝੀਆਂ ਕੀਤੀਆਂ ਜਾਣ ਤਾਂ ਕਿ ਜੋ ਸ਼ੰਕੇ ਉਤਪਨ ਹੁੰਦੇ ਰਹਿੰਦੇ ਹਨ, ਉਨ੍ਹਾਂ ਦਾ ਸਮਾਧਾਨ ਲੱਭਿਆ ਜਾ ਸਕੇ। ਉਚਾਰਣ ਕੀਤੀ ਗੁਰਬਾਣੀ ਜਦ ਰਾਗ ਵਿਚ ਗਾਈ ਗਈ ਤਾਂ ਉਸਦਾ ਨਾਂ ਕੀਰਤਨ ਹੋਇਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਤਨੇਮ ਦੀਆਂ ਬਾਣੀਆਂ ਨੂੰ ਛੱਡ ਕੇ ਬਾਕੀ ਸਾਰੀ ਰਚਨਾ ਰਾਗਾਂ ਵਿਚ ਹੈ। ੩੧ ਰਾਗ ਤੇ ਅਗੋਂ ਇਨ੍ਹਾਂ ਦੀਆਂ ਅਨੇਕਾਂ ਕਿਸਮਾਂ ਦੀ ਵਰਤੋਂ ਕੀਤੀ ਗਈ ਹੈ। ਕਈ ਵਾਰਾਂ ਵਖਰੀਆਂ ਧੁਨਾਂ ਵਿਚ ਉਚਾਰੀਆਂ ਗਈਆ ਹਨ ਅਤੇ ਉਨ੍ਹਾਂ ਵਿਚ ਹੀ ਗਾਉਣ ਦਾ ਆਦੇਸ਼ ਹੈ। ਗੁਰਬਾਣੀ ਦਾ ਅਧਿਅਨ ਕਰਨ ਤੋਂ ਇਹ ਵੀ ਪ੍ਰਗਟ ਹੋਇਆ ਹੈ ਕਿ ਹਰ ਇਕ ਸ਼ਬਦ ਤੋਂ ਪਹਿਲਾਂ ਰਾਗ ਦਾ ਨਾਂ ਅਤੇ ਫਿਰ ਮਹਲਾ ੧, ੨, ੩, ੪, ੫, ੯ ਆਦਿਕ ਜਾਂ ਭਗਤਾਂ/ਮਹਾਂਪੁਰਖਾਂ ਦੀ ਬਾਣੀ ਦੇ ਨਾਲ ਭਗਤ ਮਹਾਂਪੁਰਸ਼ ਦਾ ਨਾਮ ਅੰਕਿਤ ਕੀਤਾ ਗਿਆ ਹੈ। ਛੇ ਗੁਰੂ ਸਾਹਿਬਾਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ।

ਇਸ ਤੋਂ ਬਾਅਦ ਬਾਣੀ ਦੇ ਸਿਰਲੇਖ ਵਿਚ 'ਘਰ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ ਜਿਨ੍ਹਾਂ ਦੀ ਸੰਖਿਆ ੧੭ ਹੈ। ਜਿਸਦਾ ਭਾਵ ਵਿਦਵਾਨਾਂ-ਰਾਗੀਆਂ ਅਨੁਸਾਰ ਇਹ ਹੈ ਕਿ ਇਹ ਸ਼ਬਦ ਉਸ ਘਰੁ ਵਿਚ ਹੀ ਗਾਉਣ ਦਾ ਆਦੇਸ਼ ਹੈ ਜਿਸਦਾ ਅੰਕ ਦਿਤਾ ਗਿਆ ਹੈ, ਇਸ ਵਿਸ਼ੇ ਤੇ ਕਈਆਂ ਵਿਅਕਤੀਆਂ ਨਾਲ ਵਿਚਾਰ ਵਟਾਂਦਰਾ ਹੋਇਆ। ਉਨ੍ਹਾਂ ਨੇ ਸਿਰਫ ਇਹ ਹੀ ਦਰਸਾਇਆ ਕਿ ਘਰੁ ਦਾ ਮਤਲਬ ਸੁਰਤਾਲ ਹੈ, ਜਿਸ ਵਿਚ ਰਾਗੀਆਂ ਨੂੰ ਸ਼ਬਦ ਦਾ ਕੀਰਤਨ ਕਰਨਾ ਚਾਹੀਦਾ ਹੈ, ਦਰਸਾਏ ਹੋਏ ਰਾਗ। ਦਾਸ ਦਾ ਸ਼ੰਕਾ ਨਵਿਰਤ ਨਹੀਂ ਹੋ ਸਕਿਆ। ਮੇਰੇ ਖਿਆਲ ਅਨੁਸਾਰ ਸੁਰ ਅਤੇ ਤਾਲ ਤੋਂ ਮਤਲਬ ਇਹ ਹੈ ਕਿ ਸੁਰ (ਸਾ ਰੁ ਰੇ ਗੁ ਗਾ ਮਾ ਮਾ ਪਾ ਧਾ ਧੁ ਨੀ ਨੀ ਸ਼ੁਧ ਕੋਮਲ-ਤੀਬਰ ਸਵਰ ਤਿਨਾਂ ਸਪਤਕਾਂ (ਮੰਦਰ, ਮੱਧ ਅਤੇ ਤਾਰ) ਵਿਚ ਵਿਚਰਦੇ ਹਨ, ਜੋ ਕਿ ਹਰ ਇਕ ਰਾਗ ਵਿਚ ਅਲੱਗ ਅਲੱਗ ਵਰਤੇ ਜਾਂਦੇ ਹਨ। ਇਕ ਸਪਤਕ ਵਿਚ ੧੨ ਸੁਰ ਹੋ ਜਾਂਦੇ ਹਨ ਅਤੇ ਤਿੰਨਾਂ ਸਪਤਕਾਂ ਵਿਚ ੩੬ ਸੁਰ ਹੋ ਜਾਂਦੇ ਹਨ। ਜੋ ਉਤਰਾਂਗ ਅਤੇ ਪੂਰਵਾਂਗ ਪ੍ਰਧਾਨ ਰਾਗਾਂ ਵਿਚ ਵਰਤੇ ਜਾਂਦੇ ਹਨ।

ਜਿਥੋਂ ਤੱਕ ਸੰਗੀਤ ਵਿਚ ਤਾਲ ਦਾ ਮਤਲਬ ਹੈ। ਮੇਰੇ ਵੀਚਾਰ ਅਨੁਸਾਰ ਇਹ ਹੈ ਕਿ ਬੰਦਸ਼ ਕਿਸ ਤਾਲ ਵਿਚ ਕੀਤੀ ਗਈ ਹੈ। ਤਾਲ ਵੀ ਸੰਗੀਤ ਸ਼ਾਸ਼ਤਰਾਂ ਅਨੁਸਾਰ ਕਈ ਹਨ। ਹਰ ਇਕ ਤਾਲ ਦੀਆਂ ਮਾਤਰਾਂ, ਠੇਕੇ ਅਤੇ ਤਾਲੀਆਂ ਵਖਰੀਆਂ ਵਖਰੀਆਂ ਹਨ। ਚਾਰ ਮਾਤਰਾਂ ਤੋਂ ਲੈ ਕੇ 21 ਮਾਤਰਾਂ ਵਾਲੇ ਤਾਲ ਹਨ ਜਿਨਾਂ ਦੇ ਨਾਂ ਹਨ- ਪਉੜੀ ੪ ਮਾਤਰਾਂ, ਦਾਦਰਾ ੬ ਮਾਤਰਾਂ, ਢਾਈ ਤਾਲ ੭ ਮਾਤਰਾਂ, ਰੂਪਕ ੭ ਮਾਤਰਾਂ, ਕਹਿਰਵਾ ਜਾਂ ਤਲਵਾੜਾ ੮ ਮਾਤਰਾਂ, ਮੱਤ ਤਾਲ ੯ ਮਾਤਰਾਂ, ਝਪਤਾਲ ੧੦ ਮਾਤਰਾਂ, ਸ਼ੂਲ ਫਾਕ ੧੦ ਮਾਤਰਾਂ, ਭਾਨ ਮਤੀ ੧੧ ਮਾਤਰਾਂ, ਜਗਪਾਲ ਤਾਲ ੧੧ ਮਾਤਰਾਂ, ਚਾਰ ਤਾਲ ੨੨ ਮਾਤਰਾਂ, ਇਕ ਤਾਲਾ ੧੨ ਮਾਤਰਾਂ, ਜੈ ਤਾਲ ੧੩ ਮਾਤਰਾਂ, ਚੰਚਲ ੧੪ ਮਾਤਰਾਂ, ਆਡਾ ਚੌ ਤਾਲਾ ੧੪ ਮਾਤਰਾਂ, ਧਮਾਰ ੧੪ ਮਾਤਰਾਂ, ਫਰੋਦਸਤ ੧੪ ਮਾਤਰਾਂ, ਸਵਾਰੀ ਪੰਜ ਤਾਲ ੧੫ ਮਾਤਰਾਂ, ਤਿੰਨ ਤਾਲ ੧੬ ਮਾਤਰਾਂ , ਛੋਟਾ ਤਿੰਨ ਤਾਲ ੧੬, ਪੰਜਾਬੀ ਠੇਕਾ ਤਿੰਨ ਤਾਲ ਬਿਲੰਬਤ ਲਯ ੧੬ ਮਾਤਰਾਂ, ਸਿਖਰ ਤਾਲ ੧੭ ਮਾਤਰਾਂ, ਖਟ ਤਾਲ ੧੮ ਮਾਤਰਾਂ, ਇੰਦ੍ਰ ਤਾਲ ੧੯ ਮਾਤਰਾਂ, ਮੱਤ ਤਾਲ ਜਾਂ ਅਸਠ ਤਾਲ ੨੧ ਮਾਤਰਾਂ (ਗੁਰਬਾਣੀ ਸੰਗੀਤ ਅਨੁਸਾਰ ਰਚਿਤ ਸ੍ਰ. ਗਿਆਨ ਸਿੰਘ ਐਬਟਾਬਾਦ)

ਹੁਣ ਸਵਾਲ ਇਹ ਉਠਦਾ ਹੈ ਕਿ ਸੁਰ ਅਤੇ ਤਾਲ ਨਾਲ ਘਰੁ ਸ਼ਬਦ ਦਾ ਕੀ ਸੰਬੰਧ ਹੋ ਸਕਦਾ ਹੈ, ਉਦਾਹਰਣ ਦੇ ਤੌਰ ਤੇ ਜੇ ਅਸੀਂ ਵਾਚੀਏ ਕਿ ਘਰੁ ੧ ਦਾ ਕੀ ਭਾਵ ਹੈ। ਕੀ ਘਰੁ ੧ ਕਿਸੇ ਸਪਤਕ ਦੇ ਪਹਿਲੇ ਸੁਰ ਸਾ ਤੋਂ ਹੈ ਜਿਥੋਂ ਕਿ ਸ਼ਬਦ ਦਾ ਗਾਇਨ ਸ਼ੁਰੂ ਕਰਨਾ ਹੈ, ਜਾਂ ਕਿਸੇ ਤਾਲ ਦੀ ਪਹਿਲੀ ਮਾਤਰਾ ਤੋਂ ਸ਼ਬਦ ਦਾ ਉਠਾਨ ਕਰਨਾ ਹੈ, ਕਈਆ ਦਾ ਇਹ ਵੀ ਵਿਚਾਰ ਹੈ ਘਰੁ ੧ ਦਾ ਮਤਲਬ ਇਕ ਤਾਲ ਵਿਚ ਗਾਉਣਾ ਹੈ। ਜੇ ਇਸ ਤਰ੍ਹਾਂ

ਹੈ ਤਾਂ ਘਰੁ ੨ ਦਾ ਕੀ ਅਦੇਸ਼ ਹੈ, ਦੋ ਤਾਲ ਤਾਂ ਕੋਈ ਤਾਲ ਹੈ ਹੀ ਨਹੀਂ ਜਾਂ ਰੇ ਰੇ ਸੁਰ ਤੋਂ ਜਾਂ ਜਿਸ ਰਾਗ ਵਿਚ ਜੋ ਦੂਸਰਾ ਸੁਰ ਲਗਦਾ ਹੈ ਗਾ ਗ੍ਰਾ ਜਾਂ ਮਾ ਮੋ ਆਦਿਕ ਤੋਂ ਸ਼ਬਦ ਸ਼ੁਰੂ ਕਰਨਾ ਹੈ ਜਾਂ ਕਿਸੀ ਤਾਲ ਦੀ ਦੂਸਰੀ ਮਾਤਰਾ ਜਾਂ ਦੂਸਰੇ ਵਿਭਾਗ ਤੋਂ ਸ਼ਬਦ ਦਾ ਉਠਾਨ ਕਰਨਾ ਹੈ। ਘਰੁ ੩ ਦਾ ਮਤਲਬ ਕੀ ਇਹ ਹੋ ਸਕਦਾ ਹੈ ਕਿ ਸ਼ਬਦ ਤਿੰਨ ਵਿਚ ਗਾਉਣਾ ਹੈ ਜਾਂ ਕਿਸੀ ਤਾਲ ਦੀ ਤੀਸਰੀ ਮਾਤਰਾ ਜਾਂ ਫਿਰ ਦਰਸਾਏ ਹੋਏ ਰਾਗ ਦੇ ਤੀਸਰੇ ਸੁਰ ਤੋਂ ਸ਼ੁਰੂ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਘਰਾਂ ਦੀ ਸੰਖਿਆ ੧ ਤੋਂ ੧੭ ਤਕ ਹੈ ਅਤੇ ਇਹ ਆਦੇਸ਼ ਹੈ ਕਿ ਜੋ ਸੰਖਿਆ ਘਰੁ ਤੋਂ ਬਾਅਦ ਵਿਚ ਦਰਸਾਈ ਗਈ ਹੈ ਉਸ ਘਰੁ ਵਿਚ ਦਰਸਾਏ ਹੋਏ ਰਾਗ ਵਿਚ ਸ਼ਬਦ ਦਾ ਗਾਇਨ ਕਰਨਾ ਹੈ, ਤਾਲਾਂ ਦੀ ਸੰਖਿਆ ਅਨੁਸਾਰ, ਸੰਗੀਤ ਵਿਚ, ਇਕ ਤਾਲਾ, ਤਿੰਨ ਤਾਲ, ਚਾਰ ਤਾਲ, ਸਵਾਰੀ ਪੰਜ ਤਾਲ ਹੈ। ਬਾਕੀ ਦੇ ਤਾਲਾਂ ਦੇ ਨਾਲ ਸੰਖਿਆ ਕੋਈ ਨਹੀਂ ਹੈ। ਉਨ੍ਹਾਂ ਦੀਆਂ ਮਾਤਰਾ ਦੀ ਸੰਖਿਆ ਵੱਖਰੀ ਵੱਖਰੀ ਹੈ।

ਉਪਰੋਕਤ ਵੀਚਾਰ ਦਾਸ ਦੇ ਨਿਜੀ ਹਨ। ਪਰ ਇਹ ਸਮਝ ਵਿਚ ਨਹੀਂ ਆਉਂਦਾ ਕਿ ਕਿਸੀ ਸ਼ਬਦ ਦਾ ਦਰਸਾਏ ਹੋਏ ਘਰੁ ਵਿਚ ਗਾਇਨ ਕਿਵੇਂ ਕਰਨਾ ਹੈ। ਜਿਸ ਤਰ੍ਹਾਂ ਕਿ ਗੁਰੂ ਸਾਹਿਬ ਦੇ ਆਦੇਸ਼ ਹੈ।

ਕਈਆਂ ਦਾ ਇਹ ਵੀ ਵੀਚਾਰ ਹੈ ਜਿਸ ਘਰੁ ਦੀ ਸੰਖਿਆ ਜਿਤਨੀ ਉਚੀ ਹੋਵੇਗੀ, ਉਤਨੀ ਹੀ ਉਚੀ ਸੁਰ ਵਿਚ ਸ਼ਬਦ ਦਾ ਗਾਇਨ ਕਰਨਾ ਹੈ, ਇਸਦੀ ਕੋਈ ਮਾਪ ਜਾਂ ਪੈਮਾਨਾ ਕੋਈ ਦਸਦਾ ਨਹੀਂ ਕਿ ਘਰੁ ੧੦ ਜਾਂ ਘਰੁ ੧੨ ਜਾਂ ਘਰੁ ੧੭ ਜੋ ਉਚੀ ਸੰਖਿਆ ਦੇ ਘਰੁ ਹਨ, ੧੨ ਜਾਂ ਘਰੁ ੧੭ ਜੋ ਉਚੀ ਸੰਖਿਆ ਦੇ ਘਰੁ ਹਨ, ਉਨ੍ਹਾਂ ਵਿਚ ਉਚੀ ਸੁਰ ਕਿਹੜੀ ਹੈ। ਬਹੁਤ ਹੀ ਅਜੀਬ ਸਮੱਸਿਆ ਹੈ। ਹੋ ਸਕਦਾ ਹੈ ਕਿ ਘਰੁ ਤੋਂ ਗੁਰੂ ਸਾਹਿਬਾਨ ਦਾ ਮੰਤਵ ਕੁਝ ਹੋਰ ਹੀ ਹੋਵੇ ਜੋ ਕਿ ਉਤੇ ਨਹੀਂ ਵਿਚਾਰਿਆ ਗਿਆ ਅਤੇ ਜਿਸ ਬਾਰੇ ਆਪ ਨੂੰ ਕੋਈ ਗਿਆਨ, ਅਨੁਭਵ ਜਾਂ ਉਸਤਾਦ ਦੁਆਰਾ ਹੋਵੇ ਜਾਂ ਉਪਰੋਕਤ ਵੀਚਾਰਾਂ/ਧਾਰਨਾਵਾਂ ਬਾਰੇ ਕੋਈ ਗੁਣੀ ਜਨ ਸਪਸ਼ਟੀਕਰਨ ਦੇ ਸਕਣ ਜੋ ਕਿ ਮੇਰੇ ਵਰਗੇ ਅਲਪੱਗ ਗੁਰਬਾਣੀ ਸੰਗੀਤ ਦੇ ਪ੍ਰੇਮੀ ਦੇ ਸੰਸੇ ਨੂੰ ਨਿਵਰਤ ਕਰ ਸਕਣ ਅਤੇ ਮਾਰਗ ਦਰਸ਼ਨ ਦੇ ਸਕਣ। ਜਿਸ ਨਾਲ ਗੁਰੂ ਸਾਹਿਬ ਦੇ ਆਦੇਸ਼ ਕਿ ਜਿਸ ਘਰੁ ਵਿਚ ਸ਼ਬਦ ਗਾਇਨਕਰਨ ਦਾ ਹੁਕਮ ਹੈ, ਉਸੇ ਘਰੁ ਵਿਚ ਹੀ ਗਾਇਨ ਹੋ ਸਕੇ ਅਤੇ ਹੁਕਮ ਦੀ ਪਾਲਣਾ ਕੀਤੀ ਜਾਵੇ। ਦਰਸਾਏ ਰਾਗ/ਰਾਗਣੀ ਵਿਚ ਸ਼ਬਦ ਦੇ ਗਾਇਨ ਬਾਰੇ ਕੋਈ ਦੋ ਵੀਚਾਰ ਨਹੀ ਹਨ ਜੋ ਕਿ ਬਹੁਤ ਘਟ ਕੀਰਤਨੀਏ/ਰਾਗੀ ਹੀ ਆਦੇਸ਼ ਦਾ ਪਾਲਨ ਕਰਦੇ ਹਨ। ਪਰ ਇਹ ਪਤਾ ਨਹੀ ਲਗਦਾ ਕਿ ਕੋਈ ਸ਼ਬਦ ਕਿਹੜੇ ਘਰੁ ਵਿਚ ਗਾਇਆ ਜਾ ਰਿਹਾ ਹੈ ਅਤੇ ਕੀ ਇਹ ਗੁਰੂ ਆਦੇਸ਼ ਅਨੁਸਾਰ ਹੈ ਜਾਂ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ ੪੦੯ ਉਤੇ ਰਾਗ ਆਸਾ ਮਹਲਾ ੫ ਵਿਚ ਘਰੁ ੧੭ ਦੇ ਸਿਰਲੇਖ ਹੇਠ ਜੋ ਸ਼ਬਦ ਉਚਾਰਨ ਕੀਤੇ ਗਏ ਹਨ ਉਹ ਘਰੁ ੧੭ਵੇਂ ਵਿਚ ਉਚਾਰਣ/ਗਾਇਨ ਕਰਨ ਦਾ ਆਦੇਸ਼ ਹੈ। ਗੁਣੀ ਜਨਾਂ ਅੱਗੇ ਆਦਿਰ ਸਹਿਤ ਬੇਨਤੀ ਹੈ ਕਿ ਆਪ ਆਪਣੀ ਰਾਇ ਲਿਖ ਭੇਜਣ ਦੀ ਮੇਹਰਬਾਨੀ ਕਰਨਾ ਜੀ। ਘਰੁ ੧੧ ਕੀ ਹੈ ਅਤੇ ਇਸ ਘਰੁ ਵਿਚ ਗਾਇਨ ਕਰਨ ਦਾ ਕੀ ਤਰੀਕਾ ਹੈ। ▫


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com
*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Art Craft
Phulkari

# ਤਬਲੇ ਦੇ ਖੇਤਰ ਵਿਚ 'ਨਾਈਆਂ ਦਾ ਘਰਾਣਾ'


## ਕਮਲੇਸ਼ ਸ਼ਰਮਾ

ਦੇਵ ਸਮਾਜ ਕਾਲਜ ਫਾਰ ਵੂਮੈਨ, ਸੈਕਟਰ 45-ਡੀ, ਚੰਡੀਗੜ੍ਹ


ਤਬਲਾ ਵਾਦਨ ਦੇ ਖੇਤਰ ਵਿਚ ਮੁੱਖ ਤੌਰ 'ਤੇ ਅਸੀਂ ਛੇ ਘਰਾਣਿਆਂ ਦਾ ਨਾਮ ਪੜ੍ਹਦੇ ਅਤੇ ਸੁਣਦੇ ਆ ਰਹੇ ਹਾਂ, ਜਿਵੇਂ ਕਿ ਦਿੱਲੀ ਘਰਾਣਾ, ਲਖਨਊ ਘਰਾਣਾ, ਬਨਾਰਸ ਘਰਾਣਾ, ਫਰੂਖਾਬਾਦ ਘਰਾਣਾ, ਅਜਰਾੜ੍ਹਾ ਘਰਾਣਾ ਅਤੇ ਪੰਜਾਬ ਘਰਾਣਾ, ਇਹ ਸਭ ਤਬਲੇ ਦੇ ਵੱਖਰੇ ਵੱਖਰੇ ਘਰਾਣੇ ਹਨ, ਇਨ੍ਹਾਂ ਦੀ ਵਾਦਨ ਸ਼ੈਲੀ ਦਾ ਵੀ ਥੋਹੜਾ ਬਹੁਤਾ ਇਕ ਦੂਸਰੇ ਨਾਲੋਂ ਫਰਕ ਹੈ। ਤਬਲੇ ਦਾ ਇਕ ਹੋਰ ਘਰਾਣਾ ਜੋ ਪੁਰਾਤਨ ਪੰਜਾਬ ਪ੍ਰਾਂਤ ਵਿਚ ਹੀ ਵਿਕਸਿਤ ਹੋਇਆ, ਜਿਸ ਦਾ ਨਾਮ 'ਨਾਈਆਂ ਦਾ ਘਰਾਣਾ' ਹੈ, ਇਸ ਦੀ ਨੀਂਹ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਪਈ। ਅਗਰ ਇਹ ਕਿਹਾ ਜਾਏ ਕਿ ਇਸ ਤਬਲੇ ਦੇ ਘਰਾਣੇ ਨੂੰ ਹੋਂਦ ਵਿਚ ਲਿਆਉਣ ਦਾ ਇਕ ਵੱਡਾ ਯੋਗਦਾਨ ਮਹਾਰਾਜਾ ਰਣਜੀਤ ਸਿੰਘ ਨੂੰ ਜਾਂਦਾ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਸ ਘਰਾਣੇ ਨਾਲ ਸਬੰਧਤ ਇਕ ਘਟਨਾ ਦਾ ਜ਼ਿਕਰ ਇਸ ਪ੍ਰਕਾਰ ਹੈ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ 'ਮੋਰਾਂ' ਨਾਮ ਦੀ ਇਕ ਪ੍ਰਸਿੱਧ ਨਰਤਕੀ ਸੀ, ਜਿਸ ਦਾ ਤਬਲੇ ਦੇ ਪ੍ਰਤੀ ਵਿਸ਼ੇਸ਼ ਲਗਾਵ ਸੀ, 'ਮੋਰਾਂ' ਨੇ ਇਕ ਦਿਨ ਮਹਾਰਾਜਾ ਸਾਹਿਬ ਕੋਲ ਬੇਨਤੀ ਕੀਤੀ ਕਿ ਉਸ ਨਾਲ ਨ੍ਰਿਤ ਤੇ ਸੰਗਤ ਕਰਨ ਲਈ ਕਿਸੇ ਯੋਗ ਵਿਅਕਤੀ ਨੂੰ ਤਬਲੇ ਦੀ ਵਿਦਿਆ ਦਿਵਾਈ ਜਾਵੇ। ਮਹਾਰਾਜਾ ਨੇ ਉਸ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਆਪ ਜੀ ਰਿਆਸਤ ਦੇ ਪ੍ਰਮੁੱਖ ਪਖਾਵਜ ਵਾਦਕਾਂ ਨੂੰ ਆਪਣੇ ਦਰਬਾਰ ਲਾਹੌਰ ਵਿਖੇ ਬੁਲਾਇਆ, ਇਕ ਯੋਗ ਕਲਾਕਾਰ ਨੂੰ ਇਸ ਕਾਰਜ ਲਈ ਨਿਯੁਕਤ ਕਰ ਦਿੱਤਾ।

ਉਸ ਸਮੇਂ ਤਬਲਾ ਵਾਦਨ ਦੇ ਕਿੱਤੇ ਨੂੰ ਇਕ ਨਿਮਨ ਪੱਧਰ ਦਾ ਕਾਰਜ ਸਮਝਿਆ ਜਾਂਦਾ ਸੀ। ਇਸ ਕਿੱਤੇ ਨੂੰ ਮੁੱਖ ਤੌਰ ਤੇ ਮਿਰਾਸੀ ਲੋਗ ਹੀ ਕਰਦੇ ਸਨ। ਮਹਾਰਾਜਾ ਸਾਹਿਬ ਦੀ ਇਹ ਇੱਛਾ ਸੀ, ਕਿ ਕੋਈ ਸਿੱਖ ਬਾਲਕ ਇਸ ਕਲਾ ਨੂੰ ਸਿੱਖੇ ਅਤੇ ਗੁਰਬਾਣੀ ਕੀਰਤਨ ਨਾਲ ਤਬਲੇ ਤੇ ਸੰਗਤ ਕਰੇ ਪਰ ਕੋਈ ਵੀ ਵਿਅਕਤੀ ਆਪਣੇ ਬਾਲਕ ਨੂੰ ਇਸ ਕਲਾ ਨੂੰ ਸਿਖਾਉਣ ਲਈ ਤਿਆਰ ਨਾ ਹੋਇਆ। ਇਕ ਵਿਅਕਤੀ ਜੋ ਕਿ ਨਾਈ ਜਾਤੀ ਨਾਲ ਸਬੰਧ ਰੱਖਦਾ ਸੀ ਨੇ ਆਪਣੇ ਬਾਲਕ ਨੂੰ 30 ਰੁਪਏ ਮਹੀਨਾ ਆਰਥਿਕ ਸਹਾਇਤਾ ਪ੍ਰਾਪਤ ਹੋਣ ਦੇ ਲੋਭ ਵਿਚ ਤਬਲਾ ਵਾਦਨ ਦੀ ਕਲਾ ਪ੍ਰਾਪਤ ਕਰਨ ਲਈ ਮਨ ਬਣਾ ਲਿਆ, ਜਦਕਿ ਉਸ ਵਿਅਕਤੀ ਦੀ 7 ਰੁਪਏ ਪ੍ਰਤੀ ਮਹੀਨਾ ਮਾਤਰ ਤਨਖਾਹ ਸੀ। ਇਸ ਨਾਈ ਦੇ ਪੁੱਤਰ ਦਾ ਨਾਂ 'ਮੱਜ੍ਹਾ ਸਿੰਘ' ਸੀ। ਉਸ ਨੇ ਬੜੀ ਲਗਨ ਅਤੇ ਮਿਹਨਤ ਨਾਲ ਤਬਲੇ ਦੀ ਵਿਦਿਆ ਪ੍ਰਾਪਤ ਕੀਤੀ। ਯਾਦ ਵਿਚ ਇਸੇ ਮੱਜ੍ਹਾ ਸਿੰਘ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰਬਾਣੀ ਕੀਰਤਨ ਦੀ ਸੰਗਤ ਲਈ ਤਬਲਾ ਵਾਦਕ ਦੇ ਰੂਪ ਵਿਚ ਨਿਯੁਕਤ ਕੀਤਾ ਗਿਆ, ਇਹ ਮੱਜ੍ਹਾ ਸਿੰਘ ਹੀ ਨਾਈਆਂ ਦੇ ਘਰਾਣੇ ਦਾ ਸੰਸਥਾਪਕ ਹੈ। ਮੱਜ੍ਹਾ ਸਿੰਘ ਦੇ ਤਿੰਨ ਪੁੱਤਰ ਹੋਏ, ਜਿਨ੍ਹਾਂ ਵਿਚੋਂ ਭੂਪ ਸਿੰਘ ਅਤੇ ਸਭ ਤੋਂ ਛੋਟੇ ਪੁੱਤਰ ਗੁਰਦਿੱਤ ਸਿੰਘ ਨੇ 19ਵੀਂ ਸਦੀ ਦੇ ਮੱਧ ਵਿਚ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਕੀਤੀ। ਬਾਕੀ ਦੋ ਪੁੱਤਰਾਂ ਸ਼ਾਮ ਸਿੰਘ ਅਤੇ ਦੇਵ ਸਿੰਘ ਦੇ ਵਿਸ਼ੇ ਵਿਚ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

ਭੂਪ ਸਿੰਘ ਦਾ ਸਮਾਂ 1829 ਤੋਂ 1909 ਈਸਵੀ ਤੱਕ ਦਾ ਸੀ। ਅੱਗੇ ਜਾ ਕੇ ਇਸੇ ਭੂਪ ਸਿੰਘ ਨੇ ਭਾਰਤ ਦੇ ਪ੍ਰਸਿੱਧ ਪਖਾਵਜੀ 'ਕਦਊ ਸਿੰਘ' ਤੋਂ ਵੀ ਸਿੱਖਿਆ ਪ੍ਰਾਪਤ ਕੀਤੀ। ਭੂਪ ਸਿੰਘ ਜੀ ਦੇ ਸ਼ਾਗਿਰਦਾਂ ਵਿਚੋਂ ਸ੍ਰ. ਹਰਨਾਮ ਸਿੰਘ ਜੀ ਦਾ ਨਾਮ ਵਿਸ਼ੇਸ਼ ਤੌਰ 'ਤੇ ਆਉਂਦਾ ਹੈ।

ਇਹ ਜਾਣਕਾਰੀ ਦਾਸ ਨੂੰ ਪੰਜਾਬ ਦੀ ਸੰਗੀਤ ਪਰੰਪਰਾ ਅੰਕ 'ਚੋਂ ਪੰਨਾ ਨੰ: 216, 217 ਤੋਂ ਪ੍ਰਾਪਤ ਹੋਈ। ਕਾਫੀ ਸਮੇਂ ਤੋਂ ਸਤਿਗੁਰੂ ਜੀ ਨੇ ਮਨ ਵਿਚ ਇਹ ਫੁਰਨਾ ਪਾਇਆ ਹੋਇਆ ਸੀ, ਕਿ ਤਬਲੇ ਦੇ ਇਸ 'ਨਾਈਆਂ ਦੇ ਘਰਾਣੇ' ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਨਾਲ ਹੀ ਸੰਗੀਤ ਵਿਚ ਰੁਚੀ ਰੱਖਣ ਵਾਲੇ ਵਿਦਿਆਰਥੀ ਇਸ ਵਿਸ਼ੇ ਤੋਂ ਕੁਝ ਜਾਣਕਾਰੀ ਅਤੇ ਲਾਭ ਪ੍ਰਾਪਤ ਕਰ ਸਕਣ। □

# ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ...

## ਜਸਵੰਤ ਸਿੰਘ ਅਮਨ

478 ਡੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

*ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥*

ਇਹ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1381 ਉੱਤੇ ਦਰਜ ਹਨ ਅਤੇ ਬਾਬਾ ਫ਼ਰੀਦ ਜੀ ਦੀ ਰਚਨਾ ਹਨ। ਇਸ ਸਲੋਕ ਵਿਚ ਫ਼ਰੀਦ ਜੀ ਆਪਣੇ ਆਪ ਨੂੰ ਸੰਬੋਧਿਤ ਹੋ ਕੇ ਕਹਿ ਰਹੇ ਹਨ ਕਿ ਹੇ ਫਰੀਦ, ਜਿਹਨਾਂ ਕੰਮਾਂ ਕਾਜਾਂ ਦਾ ਕੋਈ ਫਾਇਦਾ ਨਹੀਂ, ਤੂੰ ਉਹਨਾਂ ਕੰਮਾਂ ਕਾਜਾਂ ਨੂੰ ਤਿਆਗ ਦੇ ਤਾਂ ਕਿ ਤੈਨੂੰ ਸੁਆਮੀ ਦੀ ਦਰਗਾਹ ਵਿਚ, ਰੱਬ ਦੇ ਦਰਬਾਰ ਵਿਚ ਸ਼ਰਮਿੰਦਾ ਨਾਂ ਹੋਣਾ ਪਵੇ। ਵਿਚਾਰ ਅਧੀਨ ਸਲੋਕ ਦਾ ਅਰਥ ਆਪਣੇ ਆਪ ਵਿਚ ਵੀ ਪੂਰਾ ਹੈ ਪਰ ਜੇ ਇਸ ਤੋਂ ਪਹਿਲਾਂ ਅਤੇ ਇਸ ਤੋਂ ਬਾਦ ਵਾਲਾ ਸਲੋਕ ਵੀ ਇਹਦੇ ਨਾਲ ਹੀ ਪੜ੍ਹਿਆ ਜਾਵੇ ਤਾਂ ਫਰੀਦ ਜੀ ਦਾ ਭਾਵ ਬਿਲਕੁਲ ਸਪਸ਼ਟ ਹੋ ਜਾਂਦਾ ਹੈ। ਇਹਨਾਂ ਸਲੋਕਾਂ ਦਾ ਪਾਠ ਇਸ ਤਰ੍ਹਾਂ ਹੈ:

*ਫਰੀਦਾ ਮੰਡਪ ਮਾਲੁ ਨਾ ਲਾਇ*
*ਮਰਗ ਸਤਾਣੀ ਚਿਤਿ ਧਰਿ। ਸਾਈ ਜਾਇ ਸਮਾਲ*
*ਜਿਥੈ ਹੀ ਤਉ ਵੰਞਣਾ।*
*ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ*
*ਮਤ ਸਰਮਿੰਦਾ ਥੀਵਹੀ ਸਾਈ ਦੈ ਦਰਬਾਰਿ।*
*ਫਰੀਦਾ ਸਾਹਿਬ ਦੀ ਕਰ ਚਾਕਰੀ ਦਿਲ ਦੀ ਲਾਇ ਭਰਾਂਦਿ*
*ਦਰਵੇਸਾ ਨੋ ਲੋੜੀਐ ਰੁਖਾ ਦੀ ਜੀਰਾਂਦਿ॥* (ਗੁ.ਗ੍ਰੰ.ਸਾ. ਪੰਨਾ1381)

ਭਾਵ, ਹੇ ਫਰੀਦ ਤੂੰ ਆਪਣੇ ਦਿਲ ਨੂੰ ਮਹਿਲ ਮਾੜੀਆਂ, ਦੌਲਤ ਆਦਿ ਨਾਲ ਨਾ ਜੋੜ ਅਤੇ ਮੌਤ ਨੂੰ ਯਾਦ ਰੱਖ! ਤੂੰ ਉਸ ਮੰਜ਼ਿਲ ਨੂੰ ਯਾਦ ਰੱਖ ਜਿੱਥੇ ਤੂੰ ਪਹੁੰਚਣਾ ਹੈ। ਹੇ ਫਰੀਦ, ਜਿਹਨਾਂ ਕੰਮਾਂ ਕਾਜਾਂ ਦਾ ਕੋਈ ਫਾਇਦਾ ਨਹੀਂ, ਤੂੰ ਉਹਨਾਂ ਨੂੰ ਤਿਆਗ ਦੇ, ਮਤੇ ਤੈਨੂੰ ਸ਼ਰਮਿੰਦਗੀ ਉਠਾਉਣੀ ਪਵੇ। ਹੇ ਫਰੀਦ ਤੂੰ ਆਪਣੇ ਮਾਲਕ ਦੀ ਸੇਵਾ ਕਰ ਅਤੇ ਆਪਣੇ ਮਨ ਦੇ ਭਰਮਾਂ ਨੂੰ ਦੂਰ ਕਰ ਦੇ; ਸੰਤਾਂ ਨੂੰ ਬਿਰਛਾਂ ਵਰਗਾ ਜੇਰਾ ਰੱਖਣਾ ਚਾਹੀਦਾ ਹੈ। ਹੁਣ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਬਿਰਛਾਂ ਵਰਗਾ ਜੇਰਾ ਕੀ ਹੁੰਦਾ ਹੈ? ਬਿਰਛ ਦਾ ਸੁਭਾਅ ਹੈ ਕਿ ਉਹ ਸਭ ਨੂੰ ਛਾਂ ਦਿੰਦਾ ਹੈ, ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਫਲ ਦੇਂਦਾ ਹੈ। ਜਿਹੜਾ ਇਹਨੂੰ ਆਰੀ ਨਾਲ ਵੱਢ ਵੀ ਦਿੰਦਾ ਹੈ ਉਸ ਨੂੰ ਵੀ ਬੇੜੀ ਬਣ ਕੇ ਤਾਰ ਦਿੰਦਾ ਹੈ। ਜਿਹੜਾ ਇਹਨਾਂ ਨੂੰ ਪੱਥਰ ਵੀ ਮਾਰਦਾ ਉਹਨਾਂ ਨੂੰ ਵੀ ਇਹ ਫਲ ਅਤੇ ਛਾਂ ਦਿੰਦੇ ਹਨ। ਇਹੋ ਜਿਹਾ ਸੁਭਾਅ, ਜਿਗਰਾ ਸੰਤਾਂ ਦਾ ਹੋਣਾ ਚਾਹੀਦਾ ਹੈ। ਬਾਬਾ ਫਰੀਦ ਜੀ ਦੀ ਆਪਣੇ ਸਲੋਕਾਂ ਵਿਚ ਇਹਨਾਂ ਕੰਮੜਿਆਂ ਦਾ ਵਿਸਤਾਰ ਕਰਦੇ ਹਨ। ਉਹ ਉਹਨਾਂ ਕੰਮਾਂ ਦਾ ਵੀ ਜ਼ਿਕਰ ਕਰਦੇ ਹਨ ਜਿਹਨਾਂ ਨਾਲ ਸਾਈਂ ਦੇ ਦਰਬਾਰ ਸ਼ਰਮਿੰਦਗੀ ਘਟੇਗੀ:

*ਫਰੀਦਾ ਜੇ ਤੂ ਅਕਲ ਲਤੀਫ ਕਾਲੇ ਲਿਖ ਨ ਲੇਖਿ*
*ਅਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ*
*ਫਰੀਦਾ ਜੋ ਤੈ ਮਾਰਨ ਮੁਕੀਆਂ ਤਿਨਾ ਨਾ ਮਾਰੇ ਘੁੰਮਿ*
*ਅਪਨੜੈ ਘਰ ਜਾਈਐ ਪੈਰ ਤਿਨਾਂ ਦੇ ਚੁੰਮਿ*
*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨ ਹਢਾਇ*
*ਦੇਹੀ ਰੋਗ ਨ ਲਗਈ ਪਲੈ ਸਭ ਕਿਛੁ ਪਾਇ॥*

ਆਉ ਗੁਰੂ ਚਰਨਾਂ ਵਿਚ ਅਰਦਾਸ ਕਰੀਏ ਕਿ ਉਹ ਸਾਨੂੰ ਆਪਣਾ ਜੀਵਨ ਇਸ ਅਨੁਸਾਰ ਢਾਲਣ ਦੀ ਸੁਮੱਤ ਅਤੇ ਬਲ ਬਖਸ਼ਣ ਅਤੇ ਅਸੀ "ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ" ਸਕਣ ਦੇ ਯੋਗ ਹੋਈਏ ਤਾਂ ਕਿ "ਮਤ ਸਰਮਿੰਦਾ ਥੀਵਹੀ ਸਾਈ ਦੈ ਦਰਬਾਰਿ" ਦਾ ਗੁਰ ਪ੍ਰਸਾਦਿ ਸਾਨੂੰ ਪ੍ਰਾਪਤ ਹੋਵੇ। ☐

# ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਉਪਦੇਸ਼


## ਪ੍ਰੋਫੈਸਰ ਜੋਗਿੰਦਰ ਸਿੰਘ

**ਬੀ-2/52, ਜਨਕਪੁਰੀ, ਨਵੀਂ ਦਿੱਲੀ 58**


ਜਿਵੇਂ ਪਹਿਲੇ ਪੰਜ ਗੁਰੂ ਸਾਹਿਬਾਨ ਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਮਹਲਾ-ਸਿਰਲੇਖ' ਹੇਠਾਂ ਪ੍ਰਾਪਤ ਹੈ, ਇਸ ਤਰ੍ਹਾਂ ਮਹਲਾ- ਸਿਰਲੇਖ ਹੇਠਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਕੋਈ ਰਚਿਤ ਬਾਣੀ ਨਹੀਂ ਮਿਲਦੀ। ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਸਾਹਿਬ ਦੀ ਰਚਿਤ ਬਾਣੀ ਵੀ ਕੋਈ ਨਹੀਂ। ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਰਚਿਤ ਬਾਣੀ 'ਦਸਮ ਗ੍ਰੰਥ' ਵਿਚ ਸੰਪਾਦਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਬਾਣੀ ਦਾ ਕੋਈ ਵੀ ਸ਼ਬਦ ਦਰਜ਼ ਨਹੀਂ। ਜਿਨ੍ਹਾਂ ਗੁਰੂ ਪਾਤਿਸ਼ਾਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ, ਉਨ੍ਹਾਂ ਪ੍ਰਤੀ ਇਹ ਤਾਂ ਬਿਲਕੁਲ ਸਪਸ਼ਟ ਹੈ ਕਿ ਉਨ੍ਹਾਂ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਗੁਰਬਾਣੀ ਦੀ ਸੱਚੀ ਟਕਸਾਲ ਵਿਚੋਂ ਹੀ ਘੜੀ ਹੋਈ ਹੈ। ਵਿਸ਼ੇਸ਼ ਰੂਪ ਵਿਚ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਨੂੰ ਵੇਖਦੇ ਹਾਂ, ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜੀਵਨ, ਚਿੰਤਨ, ਉਪਦੇਸ਼ ਤੇ ਸੰਦੇਸ਼ ਸ਼ੁੱਧ ਰੂਪ ਵਿਚ ਗੁਰਬਾਣੀ-ਸੱਚ ਤੇ ਗੁਰਮਤਿ-ਰੰਗ ਵਾਲਾ ਹੀ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਉਪਦੇਸ਼ਾਂ ਦੀ ਰੂਪ-ਰੇਖਾ ਕੁਝ ਇਸ ਤਰ੍ਹਾਂ ਉਲੀਕੀ ਜਾ ਸਕਦੀ ਹੈ:

**ਵਰਨ-ਵੰਡ**

ਗੁਰੂ-ਪ੍ਰੰਪਰਾ ਮੰਨੂ ਦੀ ਮੂਰਤੀਮਾਨ ਕੀਤੀ ਵਰਨ-ਵੰਡ ਨੂੰ ਨਾ ਤਾਂ ਅਧਿਆਤਮਿਕ ਰੂਪ ਵਿਚ ਸਵੀਕਾਰ ਕਰਦੀ ਹੈ ਅਤੇ ਨਾ ਹੀ ਸਮਾਜਕ ਤੇ ਸਿਧਾਂਤਕ ਪੱਧਰ ਉਤੇ ਇਸ ਵਰਨ-ਵੰਡ ਨੂੰ ਸਵੀਕ੍ਰਿਤੀ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਤੇ ਸਾਰੀ ਗੁਰੂ-ਪ੍ਰੰਪਰਾ ਦਾ ਸਪਸ਼ਟ ਅਨੁਭਵ ਤੇ ਸਿਧਾਂਤ ਸੀ, ਕਿ 'ਮਾਨਸ ਕੀ ਜਾਤ' ਇਕ ਹੈ, ਰੰਗ, ਰੂਪ, ਜਾਤਿ, ਕੁਲ, ਸਭਿਅੱਤਾ, ਬੋਲੀ ਤੇ ਪ੍ਰਾਂਤ ਕਰ ਕੇ ਕਿਸੇ ਨੂੰ ਇਕ ਦੂਜੇ ਤੋਂ ਵੱਖਰਾ ਨਹੀਂ ਪਹਿਚਾਣਿਆ ਜਾ ਸਕਦਾ। ਨਾਲੇ ਨੂਰ ਇੱਕ ਹੈ, ਪਿਤਾ ਮਾਤਾ ਵੀ ਇਕ ਹੈ, ਇਹੀ ਇਕ ਪ੍ਰਮਾਤਮਾ ਹੀ ਸਭ ਦਾ ਸਿਰਜਣਹਾਰ ਹੈ, ਨਾਲੇ ਹਰ ਮਾਨਸ ਅੰਦਰ ਪ੍ਰਮਾਤਮਾ ਦੀ ਜੋਤਿ ਦਾ ਪ੍ਰਕਾਸ਼ ਹੀ ਹੈ। ਜੇ ਪ੍ਰਮਾਤਮਾ- ਪਿਤਾ-ਮਾਤਾ ਇਕ ਹੈ, ਸਿਰਜਨਹਾਰ ਇਕ ਹੈ, ਜੋਤਿ ਇਕ ਹੈ, ਫਿਰ 'ਮਾਨਸ ਕੀ ਜਾਤ' ਵਰਨ-ਆਧਾਰਤ ਕਿਵੇਂ ਵੰਡੀ ਜਾ ਸਕਦੀ ਹੈ। ਗੁਰੂ-ਪ੍ਰੰਪਰਾ ਨੇ ਵਰਨ-ਵੰਡ ਦੇ ਵਿਧਾਨ 'ਤੇ ਵਿਧੀ ਨੂੰ ਕੇਵਲ ਤ੍ਰਿਸਕਾਰਿਆ ਤੇ ਅਸਵੀਕਾਰ ਹੀ ਨਹੀਂ ਸੀ ਕੀਤਾ, ਸਗੋਂ ਧਰਮ, ਮਾਨਸ ਤੇ ਸੰਗਠਨ-ਦੋਖੀ ਮੰਨ ਕੇ, ਲਗਾਤਾਰ ਇਸ ਸਿਧਾਂਤ ਤੇ ਵਿਧਾਨ ਪ੍ਰਤੀ ਵਿਰੋਧ ਵੀ ਪ੍ਰਗਟਾਇਆ। ਦਾਤਿ-ਜੋਤਿ ਤੇ ਖਸਮ-ਵਡਿਆਈ ਦੇਣ ਵੇਲੇ ਕਿਸੇ ਵੀ ਗੁਰੂ-ਪਾਤਿਸ਼ਾਹ ਨੇ ਵਰਨ-ਵੰਡ ਨੂੰ ਦ੍ਰਿਸ਼ਟੀ ਗੋਚਰ ਨਹੀਂ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਵੀ, ਖਾਸ ਕਰ ਕੇ ਭਗਤ-ਬਾਣੀ ਦੀ ਚੋਣ ਵੇਲੇ ਵੀ ਗੁਰੂ ਅਰਜਨ ਦੇਵ ਜੀ ਨੇ ਵਰਨ-ਵੰਡ ਨੂੰ ਰੱਦ ਕੇ, ਧਰਮ-ਅਨੁਭਵ, ਗੁਣ-ਚਰਿੱਤਰ ਤੇ ਪ੍ਰਭੂ-ਭਗਤੀ ਦੇ ਬੋਲਾਂ ਨੂੰ ਹੀ ਪ੍ਰਥੱਮਤਾ ਦਿੱਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਵਰਨ-ਵੰਡ ਦੇ ਵਿਧਾਨ ਤੇ ਸਿਧਾਂਤ ਤੋਂ ਆਜ਼ਾਦ ਹੀ ਨਹੀਂ ਸਨ, ਸਗੋਂ ਪੂਰਨ ਰੂਪ ਵਿਚ ਆਕੀ ਵੀ ਸਨ। ਉਹ ਵਰਨ-ਵੰਡ ਦਾ ਨਿਰੰਤਰ ਵਿਰੋਧ ਕਰਦੇ ਰਹੇ। ਉਹ ਆਪਣੇ ਉਪਦੇਸ਼ਾਂ ਵਿਚ ਸਪਸ਼ਟ ਆਖਿਆ ਕਰਦੇ ਸਨ, ਕਿ ਵਰਨ-ਵੰਡ ਦਵੈਤ ਪੈਦਾ ਕਰਦੀ ਹੈ, ਜੇ ਏਕਤਾ, ਪਿਆਰ, ਸ਼ਾਂਤੀ, ਸਹਿਜ ਤੇ ਪਰਉਪਕਾਰ ਵਿਚ ਜੀਊਣਾ ਹੈ, ਤਾਂ ਵਰਨ-ਵੰਡ ਨੂੰ ਛੱਡੋ, ਸੰਗਤ ਤੇ ਸੰਗਤੀ ਜੀਵਨ ਵਿਚ ਆਉ। ਇਹੀ ਕਾਰਨ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਵੇਲੇ ਸੰਗਤ ਤੇ ਸੰਗਤੀ ਜੀਵਨ ਬੜਾ ਬਲਵਾਨ ਹੋ ਰਿਹਾ ਸੀ। ਇਹ ਸੰਗਤ ਤੇ ਸੰਗਤੀ ਬੱਲ ਦਾ ਸਿੱਟਾ ਹੀ ਸੀ, ਕਿ ਨਾ ਰਾਮਰਾਇ ਗੁਰੂ-ਦਰਬਾਰ ਦੇ ਨੇੜੇ ਆ ਸਕਿਆ ਅਤੇ ਨਾ ਹੀ ਸ਼ਾਹੀ ਵਿਰੋਧ ਗੁਰੂ ਘਰ ਦਾ ਕੁਝ ਵਿਗਾੜ ਸਕਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਿੰਨਾ ਕੁ 'ਗੁਰੂ ਜੀਵਨ' ਸੀ ਉਹ ਬੜਾ ਸ਼ਾਂਤੀ, ਸਹਿਜ ਤੇ ਬੱਲ-ਬੀਰਤਾ ਨਾਲ ਬੀਤਿਆ।

**ਜਾਤਿ-ਪਾਤਿ:**

ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦ੍ਰਿੜ ਨਿਸਚਾ ਸੀ, ਕਿ ਜਾਤਿ-ਪਾਤਿ ਦਾ ਅਭਿਮਾਨ ਸਮਾਜ ਤੇ ਸਮਾਜਕ ਜੀਵਨ

ਦੀ ਸਭ ਤੋਂ ਵੱਡੀ ਬੁਰਿਆਈ ਹੈ। ਜਿਹੜਾ ਅਭਿਮਾਨ ਮਾਨਸ- ਮਾਨਸ ਨੂੰ ਮਿਲ-ਬੈਠਣ ਨਾ ਦੇਵੇ, ਉਚੇ-ਨੀਵੇਂ ਦਾ ਫਰਕ ਸਥਾਪਿਤ ਕਰੇ, ਮਾਨਸਿੱਕਤਾ ਨੂੰ ਬਰਾਬਰਤਾ ਦੇ ਅਧਿਕਾਰਾਂ ਤੋਂ ਵੰਚਿਤ ਕਰ ਕੇ ਸਮਾਜਕ ਸ਼ਕਤੀ ਨੂੰ ਖੰਡਿਤ ਕਰੇ, ਅਜਿਹੇ ਅਭਿਮਾਨ ਨੂੰ ਕਿਵੇਂ ਸਿਰਜਨਾਤਮਿਕ ਆਖਿਆ ਜਾ ਸਕਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਉਪਦੇਸ਼ਾਂ ਵਿਚ ਪਹਿਲੇ ਸਾਰੇ ਗੁਰੂ ਸਾਹਿਬਾਨ ਵਾਂਗ ਜਾਤਿ-ਪਾਤਿ ਦਾ ਸਖਤ ਤੇ ਕੱਟੜ ਵਿਰੋਧ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਆਖਿਆ ਕਰਦੇ ਸਨ, ਕਿ 'ਜਾਤਿ' ਜਨਮ ਨਾਲ ਨਹੀਂ, ਕਰਮ ਨਾਲ ਜੁੜੀ ਹੋਈ ਹੈ। ਜੇ ਪਤਿ ਵਾਲਾ ਜੀਵਨ ਜੀਉਣਾ ਹੈ, ਤਾਂ 'ਕਰਮ' ਚੰਗੇ ਕਰੋ। ਚੰਗੇ ਕਰਮਾਂ ਨਾਲ ਹੀ ਭਰਮ ਤੇ ਭੈ ਵਿਨਾਸ਼ ਹੋਵੇਗਾ ਤੇ ਅੰਤਰ-ਆਤਮੇ ਧਰਮ-ਬੱਲ ਆਵੇਗਾ।

**ਕੁੜੀ ਮਾਰ ਨਾਲ ਨਫਰਤ:**

ਇਸਤਰੀ ਬਾਰੇ ਜਿਹੜਾ ਸੰਕੇਤ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ ਸੀ, " ਸੋ ਕਿਉਂ ਮੰਦਾ ਆਖੀਐ"- ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਭਾਰਤੀ ਸਮਾਜ ਵਿਚ ਇਸਤ੍ਰੀ ਬਾਰੇ ਕਿੰਨੀ ਕੁ ਨਫਰਤ ਤੇ ਨੀਵਾਂਪਣ ਸੀ। ਨਫਰਤ ਤੇ ਨੀਵਾਂਪਣ ਕਰ ਕੇ ਹੀ ਕਈ ਘਰਾਂ ਵਿਚ ਇਹ ਰਵਾਇਤ ਬਣ ਗਈ, ਕਿ ਕੁੜੀ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਜਾਪਦਾ ਇਹ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਸਮਕਾਲੀ ਸਮੇਂ ਵਿਚ 'ਕੁੜੀ ਮਾਰ' ਦੀ ਚਰਚਾ ਹੁੰਦੀ ਸੀ। ਜਿਵੇਂ ਸਾਰੇ ਗੁਰੂ- ਘਰ- ਪਰਿਵਾਰ ਵਿਚ ਸਪੁੱਤਰ-ਸਪੁੱਤਰੀ ਨੂੰ ਇਕੋ ਜਿਹਾ ਸਤਿਕਾਰ ਦਿੱਤੇ ਜਾਂਦਾ ਸੀ, ਇਹੀ ਸਤਿਕਾਰ ਗੁਰੂ ਹਰਿਕ੍ਰਿਸ਼ਨ ਸਾਹਿਬ ਹਰ ਇਸਤ੍ਰੀ-ਪੁਰਸ਼ ਨੂੰ ਆਪਣੇ ਦਰਬਾਰ ਵਿਚ ਦਿੰਦੇ ਸਨ। 'ਕੁੜੀ ਮਾਰਾਂ' ਬਾਰੇ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਇੰਨੀ ਨਫਰਤ ਸੀ ਕਿ ਉਸ ਦਾ ਗੁਰੂ-ਦਰਬਾਰ ਵਿਚ ਆਉਣਾ ਵੀ ਬੰਦ ਸੀ, ਉਸ ਨਾਲ ਕੋਈ ਰੋਟੀ-ਬੇਟੀ ਦੀ ਸਾਂਝ ਨਹੀਂ ਸੀ ਕਰਦਾ। ਗੁਰੂ-ਉਪਦੇਸ਼ਾਂ ਵਿਚ ਇਸਤ੍ਰੀ ਨੂੰ ਕਦੀ ਅਰਧੰਗੀ ਕਹਿਕੇ, ਕਦੀ ਰਾਜਿਆਂ-ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਕਹਿ ਕੇ ਤੇ ਕਦੀ ਮਰਦ ਲਈ ਜ਼ਰੂਰੀ ਬੰਧਾਨ ਕਹਿਕੇ ਸਤਿਕਾਰਿਆ ਗਿਆ।

**ਨਸ਼ੇ, ਤੰਬਾਕੂ ਤੇ ਜੂਆ:**

ਨਸ਼ੇ, ਤੰਬਾਕੂ ਤੇ ਜੂਆ ਇਹ ਵੀ ਸਮਕਾਲੀ ਜੀਵਨ ਦਾ ਅੰਗ ਸਨ। ਜਿਹੜਾ ਜੀਵਨ ਜਾਂ ਸਮਾਜ ਗਿਰਾਵਟ ਵਿਚ ਹੁੰਦਾ ਹੈ, ਉਹ ਨਿਸ਼ਚੇ ਹੀ ਨਸ਼ਿਆਂ ਦਾ ਸੇਵਨ ਵੀ ਕਰਦਾ ਹੈ, ਤੰਬਾਕੂ ਪੀਣ ਵਲ ਵੀ ਰੁਚਿਤ ਹੁੰਦਾ ਹੈ, ਤੇ ਜੂਆ ਆਦਿ ਦੀਆਂ ਮੰਦ ਪਰਵਿਰਤੀਆਂ ਦਾ ਸ਼ਿਕਾਰ ਵੀ ਹੁੰਦਾ ਹੈ। ਗੁਰੂ-ਪ੍ਰੰਪਰਾ ਵਿਚ ਨਾ ਨਸ਼ਾ ਸੇਵਨ ਸੀ, ਨਾ ਤੰਬਾਕੂ ਪੀਣ ਜਾਂ ਜੂਆ ਖੇਡਣ ਦੀ ਪ੍ਰਥਾ ਸੀ। ਗੁਰੂ-ਪਾਤਿਸ਼ਾਹਾਂ ਵਿਚੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਪਹਿਲੇ ਗੁਰੂ-ਪਾਤਿਸ਼ਾਹ ਹਨ, ਜਿਨ੍ਹਾਂ ਨੇ ਨਸ਼ੇ, ਤੰਬਾਕੂ ਤੇ ਜੂਆ ਵਿਰੁਧ ਆਪਣੇ ਉਪਦੇਸ਼ਾਂ ਵਿਚ ਪ੍ਰਬੱਲ ਜ਼ੋਰ ਦਿੱਤਾ।

ਜੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਿੱਤੇ ਉਪਦੇਸ਼ਾਂ ਦਾ ਗੰਭੀਰ ਅਧਿਐਨ ਕਰੀਏ, ਤਾਂ ਕਹਿਣਾ ਪਵੇਗਾ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਇਕ ਕ੍ਰਾਂਤੀਕਾਰੀ ਸੁਧਾਰਕ ਵੀ ਸਨ। ਆਪਾ ਸੰਵਾਰਨਾ ਤੇ ਸਮਾਜ ਸੁਧਾਰਨਾ ਇਹ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ-ਆਦਰਸ਼ਾਂ ਵਿਚ ਸੀ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਸੀ, ਕਿ ਜਿਹੜੇ ਆਦਰਸ਼ ਗੁਰੂ-ਸੰਸਥਾ ਤੇ ਸਿੱਖ ਲਹਿਰ ਦੇ ਮਿਥੇ ਗਏ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਹਨਾਂ ਸਾਰੇ ਉਦੇਸ਼ਾਂ ਤੇ ਆਦਰਸ਼ਾਂ ਉਤੇ ਪੂਰੀ ਨਿਡਰਤਾ ਨਾਲ ਪਹਿਰਾ ਦਿੱਤਾ। ਇਹੀ ਕਾਰਨ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਕੋਲ ਜੀਵਨ-ਸਮਾਂ ਤੇ ਗੁਰੂ-ਕਾਲ ਭਾਵੇਂ ਬੜਾ ਘਟ ਸੀ, ਪਰ ਘਟ ਸਮੇਂ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਿਵੇਂ ਆਪਣੇ ਆਪ ਨੂੰ ਸਮਰੱਥ, ਸਾਰਥਿਕ ਤੇ ਸਥਾਪਿਤ ਸਿੱਧ ਕੀਤਾ, ਉਸ ਦਾ ਪ੍ਰਭਾਵ ਸਾਰੇ ਪਾਸੇ ਇੰਨਾ ਵਧਿਆ ਤੇ ਉਜਾਗਰ ਹੋਇਆ, ਕਿ ਰਾਜਾ ਜੈ ਸਿੰਘ ਨੇ ਸ਼ਰਧਾ ਤੇ ਸਤਿਕਾਰ ਹਿਤ ਆਪਣਾ ਬੰਗਲਾ ਵੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸਮਰਪਿਤ ਕਰ ਦਿੱਤਾ। ਇਹ ਰਾਜਾ ਜੈ ਸਿੰਘ ਦਾ ਬੰਗਲਾ ਹੀ ਹੈ, ਜਿਸ ਨੂੰ ਪਹਿਲਾਂ ਸਰਦਾਰ ਬਘੇਲ ਸਿੰਘ ਜੀ ਨੇ ਤੇ ਪਿਛੋਂ ਖਾਲਸਾ ਪੰਥ ਨੇ ਇਸ ਬੰਗਲੇ ਨੂੰ "ਗੁਰਦੁਆਰਾ ਬੰਗਲਾ ਸਾਹਿਬ" ਦੇ ਰੂਪ-ਸਰੂਪ ਵਿਚ ਢਾਲ ਵੀ ਲਿਆ, ਸਗੋਂ ਇੰਨਾ ਸੰਵਾਰ ਲਿਆ ਹੈ, ਕਿ ਇਹ ਪਵਿੱਤਰ, ਸੁਹਾਵਾ, ਹਰਿਆਵਲਾ ਤੇ ਪ੍ਰਭਾਵਸ਼ਾਲੀ ਸਥਾਨ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ, ਉਪਦੇਸ਼ਾਂ, ਬਖਸ਼ਿਸ਼ਾਂ ਤੇ ਦੁੱਖ-ਰੋਗ ਨਵਿਰਤੀ ਦਾ ਸੋਮਾ ਬਣ ਗਿਆ ਹੈ। ❐

# ਅਨਹਦ-ਨਾਦ


## ਕੁਲਦੀਪ ਸਿੰਘ

ਸੀ ਡੀ/7ਏ ਐਲ ਆਈ ਜੀ ਫਲੈਟ, ਹਰੀ ਨਗਰ, ਨਵੀਂ ਦਿੱਲੀ 110 064


ਜਦੋਂ ਸ੍ਰਿਸ਼ਟੀ ਦਾ ਆਰੰਭ ਹੋਇਆ, ਕਹਿੰਦੇ ਹਨ, ਉਸ ਸਮੇਂ ਇੱਕ ਨਿਰੰਤਰ ਧੁਨੀ ਹੋਈ। ਇਹ ਧੁਨੀ ਬੜੇ ਦੇਰ ਤੱਕ ਲਗਾਤਾਰ ਹੁੰਦੀ ਰਹੀ ਇਸ ਲਈ ਇਸ ਨੂੰ ਅਨਹਦ-ਨਾਦ ਕਿਹਾ ਜਾਂਦਾ ਹੈ। ਇਹ ਪ੍ਰਭੂ ਦੇ ਨਾਮ ਦੀ ਸੂਚਕ ਹੈ। ਇਸੇ ਤੋਂ ਹੀ ਓਨਮ ਤੇ ਇੱਕ ਓਅੰਕਾਰ ਸ਼ਬਦ ਹੋਂਦ ਵਿਚ ਆਇਆ ਹੈ।

ਇਸ ਨਿਰੰਤਰ ਧੁਨੀ ਜਾ ਅਨਹਦ-ਨਾਦ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਦਖਣੀ ਓਅੰਕਾਰ' ਬਾਣੀ ਵਿਚ ਕੀਤਾ ਹੈ। ਇਸ ਬਾਣੀ ਦੇ ਆਰੰਭ ਵਿਚ ਗੁਰੂ ਜੀ ਫਰਮਾਂਦੇ ਹਨ:

*ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰਿ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥*
*ਓਅੰਕਾਰਿ ਸਬਦਿ ਉਧਰੇ॥ ਓਅੰਕਾਰਿ ਗੁਰਮੁਖਿ ਤਰੇ॥*
*ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰੁ ਤ੍ਰਿਭਵਣ ਸਾਰੁ॥* ਪੰਨਾ (929)

ਓਅੰਕਾਰਿ ਦੀ ਧੁਨੀ ਤੋ ਬ੍ਰਹਮੰਡ ਦੀ ਰਚਨਾ ਹੋਈ। ਇਸ ਲਈ ਇਸ ਸ਼ਬਦ ਦਾ ਵਿਚਾਰ ਕਰਨਾ ਚਾਹੀਦਾ ਹੈ। ਇਸੇ ਸ਼ਬਦ ਤੋਂ ਯੁੱਗ ਆਰੰਭ ਹੋਏ। ਇਸੇ ਸ਼ਬਦ ਤੋਂ ਬੇਦਾਂ ਦੀ ਰਚਨਾ ਹੋਈ। ਇਸ ਸ਼ਬਦ ਤੋਂ ਗੁਰਮੁਖ ਤਰ ਜਾਂਦੇ ਹਨ। ਇਹ ਸ਼ਬਦ ਦਿਨ-ਰਾਤ ਯਾਦ ਕਰਨਾ ਚਾਹੀਦਾ ਹੈ ਕਿਉਂਕਿ ਇਸ ਸ਼ਬਦ ਨਾਲ ਜੀਅ ਦਾ ਉਧਾਰ ਹੋ ਜਾਂਦਾ ਹੈ। ਗੁਰੂ ਜੀ ਤਾਕੀਦ ਕਰਦੇ ਹਨ ਕਿ ਓਨਮ ਅੱਖਰ ਦਾ ਵਿਚਾਰ ਕਰੋ ਮਨ ਵਿਚ ਵਸਾਓ ਕਿਉਂਕਿ ਇਸੇ ਅੱਖਰ ਤੋਂ ਤਿੰਨ ਲੋਕਾਂ ਦਾ ਵਿਸਥਾਰ ਹੋਇਆ ਹੈ।

ਉਹ ਨਿਰੰਤਰ ਧੁਨੀ ਜਿਸ ਨਾਲ ਸ੍ਰਿਸਟੀ ਦੀ ਰਚਨਾ ਹੋਈ ਉਹ 'ਓ ਅੰ' ਸੀ, ਇਸੇ ਓ ਅੰ' ਤੋਂ ਓਨਮ ਤੇ ਓਅੰਕਾਰਿ ਸ਼ਬਦ ਹੋਂਦ ਵਿਚ ਆਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਸ਼ਬਦ ਦਾ ਤੱਤ ਸਮ ਰੂਪ ਅਪਨਾਇਆ ਹੈ। ਇਸ 'ਓ ਅੰ' ਅੱਖਰ ਦਾ ਸ਼ਾਬਦਿਕ ਅਰਥ ਭਾਈ ਕਾਹਨ ਸਿੰਘ ਨਾਭਾ ਦੇ ਸ਼ਬਦ ਕੋਸ਼ ਵਿਚ ਬ੍ਰਹਮ ਹੈ। ਇਸੇ ਬ੍ਰਹਮ ਸ਼ਬਦ ਤੋਂ ਬ੍ਰਹਮਾ ਤੇ ਬ੍ਰਹਮੰਡ ਸ਼ਬਦ ਹੋਂਦ ਵਿਚ ਆਏ।

ਹਿੰਦੂ ਸੰਸਕ੍ਰਿਤੀ ਵਿਚ ਪ੍ਰਮਾਤਮਾ ਦੇ ਕਈ ਰੂਪ ਮੰਨੇ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਇੱਕ ਭਗਵਾਨ ਜਾਂ ਈਸ਼ਵਰ ਮੰਨਦੇ ਹਨ। ਇਸ ਲਈ ਆਪ ਜੀ ਨੇ ਓਅੰਕਾਰਿ ਸ਼ਬਦ ਤੋਂ ਪਹਿਲਾ ੧(ਇਕੋ) ਦਾ ਅੰਕ ਲਗਾ ਦਿਤਾ। ਇਹ ਸਾਡੀ ਸ਼ੰਕਾ ਦੂਰ ਕਰਨ ਲਈ ਕੀਤਾ ਗਿਆ ਹੈ। ੴ (ਇੱਕ ਓਅੰਕਾਰਿ) ਦੇ ਅਰਥ ਕਰਨ ਲੱਗਿਆਂ ਸਾਨੂੰ ਇਸ ਸ਼ਬਦ ਦੇ ਤਿੰਨ ਭਾਗ ਕਰਨੇ ਪੈਂਦੇ ਹਨ। ੧+ਓ+ਅੰ+ਕਾਰ ਇੱਕ ਦਾ ਅਰਥ ਸਪਸ਼ਟ ਹੈ ਕਿ ਈਸ਼ਵਰ ਇੱਕ ਹੈ। 'ਓ ਅੰ' ਦਾ ਅਰਥ ਨਿਰੰਤਰ ਧੁਨੀ ਜਾਂ ਇੱਕ ਰਸ ਧੁਨੀ ਤੇ ਕਾਰ ਦਾ ਅਰਥ ਕਰਨ ਵਾਲਾ ਜਿਵੇਂ ਸਤਿਕਾਰ ਕਹਾਣੀਕਾਰ ਆਦਿ ੴ ਦਾ ਸਮੂਹਿਕ ਅਰਥ ਹੈ ਕਿ ਸ੍ਰਿਸ਼ਟੀ ਆਰੰਭ ਕਰਨ ਵਾਲਾ ਇੱਕ ਹੈ, ਨਿਰੰਤਰ ਇੱਕ ਰਸ ਵਿਚ ਰਹਿਣ ਵਾਲਾ ਹੈ। ਉਹ ਹਰ ਥਾਂ ਵਿਆਪਕ ਹੈ।

ਇਸ ੴ ਸ਼ਬਦ ਦਾ ਸਿਮਰਨ ਕਰਨ ਨਾਲ,ਇੱਕ ਰੋਸ਼ਨੀ, ਇੱਕ ਚਾਨਣ ਪ੍ਰਗਟ ਹੁੰਦਾ ਹੈ ਤੇ ਇਸੇ ਚਾਨਣ ਤੋਂ ਧੁਨੀ ਤੇ ਆਵਾਜ਼ਾਂ ਦਾ ਆਰੰਭ ਹੁੰਦਾ ਹੈ। ਇਸ ਤਥ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਵਿਚ ਇਸ ਪ੍ਰਕਾਰ ਪ੍ਰਗਟ ਕਰਦੇ ਹਨ:

*ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰਸਾਖੀ ਜੋਤਿ ਪਰਗਟੁ ਹੋਇ॥* (ਪੰਨਾ 13)

ਇਹ ਜੋਤ ਹਰ ਜੀਵ ਵਿਚ ਵਿਆਪਕ ਹੈ ਪ੍ਰੰਤੂ ਪੂਰਨ ਸਤਿਗੁਰ ਦੀ ਮਿਹਰ ਨਾਲ ਪ੍ਰਗਟ ਹੁੰਦੀ ਹੈ। ਅਨਹਦ ਸ਼ਬਦ ਦਾ ਵਰਣਨ ਸ੍ਰੀ ਗੁਰੂ ਅਮਰਦਾਸ ਜੀ ਨੇ ਆਨੰਦ ਸਾਹਿਬ ਵਿਚ ਕੀਤਾ ਹੈ :

*ਵਾਜੇ ਪੰਚ ਸ਼ਬਦ ਤਿਤੁ ਘਰਿ ਸਭਾਗੈ॥*
*ਘਰਿ ਸਭਾਗੈ ਸ਼ਬਦ ਵਾਜੈ ਕਲਾ ਜਿਤੁ ਘਰਿ ਧਾਰੀਆ॥*
*ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥*
*ਧੁਰ ਕਰਮਿ ਪਾਇਆ ਤੁਧ ਜਿਨ ਕਉ ਸਿ ਨਾਮਿ ਹਰਿ ਕੇ ਲਾਗੈ॥*
*ਕਹੈ ਨਾਨਕੁ ਤਿਹ ਸੁਖ ਹੋਆ ਤਿਤੁ ਘਰਿ ਅਨਹਦ ਵਾਜੈ॥੫॥* (ਪੰਨਾ 917)

ਇਹ ਅਨਹਦ ਨਾਦ ਪੰਜ ਪ੍ਰਕਾਰ ਦੇ ਸਾਜਾਂ, ਪੰਜ ਪ੍ਰਕਾਰ ਦੇ ਸੁਰ ਤੇ ਪੰਜ ਪ੍ਰਕਾਰ ਦੇ ਤਾਲ ਦੀਆਂ ਧੁਨੀਆਂ ਸੁਣਦੀਆਂ ਹਨ। ਅਜਿਹੇ ਸਰੀਰ ਤੇ ਘਰ ਸੁਭਾਗਸ਼ਾਲੀ ਹਨ। ਕਿਉਂਕਿ ਉਥੇ ਪ੍ਰਭੂ ਦੀ ਜਾਹਿਰ ਕਲਾ ਵਰਤ ਰਹੀ ਹੈ। ਉਨ੍ਹਾਂ ਨੂੰ ਪੰਜ ਦੂਤ (ਕਾਮ ਕ੍ਰੋਧ ਲੋਭ ਮੋਹ ਤੇ ਅਹੰਕਾਰ) ਦਰਸਨ ਨਹੀਂ ਦਿੰਦੇ। ਜਿਥੇ ਅਨਹਦ ਨਾਦ ਵਜ ਰਿਹਾ ਹੁੰਦਾ ਹੈ, ਉਥੇ ਕਾਲ ਨਹੀਂ ਜਾ ਸਕਦਾ ਪ੍ਰਤੂ ਜਿਨ੍ਹਾਂ ਪੁਰਸ਼ਾਂ ਦੇ ਧੁਰ ਤੋਂ ਹੀ ਚੰਗੇ ਭਾਗ ਲਿਖਵਾਕੇ ਲਿਆਂਦੇ ਹਨ ਉਹ ਇਸ ਅਵਸਥਾ ਵਿੱਚ ਪੁਜਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੇ ਅੰਤ ਵਿਚ ਫਿਰ ਦੁਹਰਾਇਆ ਹੈ:

*ਅਨਦੁ ਸੁਣਹੁ ਵਡਭਾਗੀ ਹੋ ਸਗਲ ਮਨੋਰਥ ਪੂਰੇ।*
*ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥*
*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥*
*ਸੁਣਤੇ ਪੁਨੀਤ ਕਹਤੇ ਪਵਿਤ ਸਤਿਗੁਰੁ ਰਹਿਆ ਭਰਪੂਰੇ*
*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥* (ਪੰਨਾ 922)

ਸ਼ਬਦਾਰਥ ਕਈ ਲੋਕ ਅਨਦੁ ਨੂੰ ਅਨੰਦ ਪੜ੍ਹ ਲੈਂਦੇ ਹਨ। ਇਹ ਠੀਕ ਨਹੀਂ। 'ਅਨੰਦ' ਅਨੁਭਵ ਕਰਨ ਦੀ ਵਸਤੂ ਹੈ। ਗੁਰ ਜੀ ਨੇ 'ਅਨੰਦ ਸਾਹਿਬ' ਦੇ ਆਰੰਭ ਵਿਚ ਫਰਮਾਇਆ ਹੈ:

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*

ਪ੍ਰੰਤੂ ਅੰਤ ਅਨਦ ਸੁਣਹੁ ਵਡਭਾਗੀਹੋ ਉਚਾਰਿਆ ਹੈ। ਇਹ ਸੁਣਨ ਦੀ ਵਸਤੂ ਹੈ ਇਹ ਅਨਦੁ, ਅਨਹਦ ਦਾ ਸੰਖੇਪ ਰੂਪ ਹੈ ਇਸਨੂੰ ਸੁਣਨ ਲਈ ਗੁਰੂ ਜੀ ਨੇ ਕਿਹਾ ਹੈ। ਹੇ ਵਡਭਾਗੀ ਜਨੋ ਅਨਹਦ ਸ਼ਬਦ ਸੁਣਨ ਦਾ ਯਤਨ ਕਰੋ ਤੁਹਾਡੇ ਸਾਰੇ ਮਨੋਰਥ ਪੂਰਨ ਹੋਣਗੇ। ਸਾਰੇ ਦੁਖਾਂ ਦਾ ਨਾਸ਼ ਹੋ ਜਾਵੇਗਾ ਤੇ ਪ੍ਰਭੂ ਨਾਲ ਮਿਲਾਪ ਹੋ ਜਾਵੇਗਾ। ਆਪ ਜੀ ਨੇ ਸੁਣਨ ਵਾਲਿਆਂ ਨੂੰ ਤਿੰਨ ਗੁਣਾਂ ਪਵਿਤਰ ਮੰਨਿਆ ਹੈ ਤੇ ਕਹਤੇ ਪਵਿਤ, ਸਾਡੇ ਵਰਗੇ ਖਾਲੀ ਦੱਸਣ ਵਾਲੇ ਹਨ ਉਨ੍ਹਾਂ ਲਈ ਪਵਿਤਰ ਸ਼ਬਦ ਵਰਤਿਆ ਹੈ। ਪੁਨੀਤ ਤਿੰਨ ਗੁਣਾਂ ਪਵਿਤਰ ਨੂੰ ਕਹਿੰਦੇ ਹਨ। ਇਸ ਕਰਕੇ ਗੁਰ ਜੀ ਕਹਿੰਦੇ ਹਨ। ਅਰਦਾਸ ਕਰਦੇ ਹਨ ਕਿ ਹੇ ਈਸ਼ਵਰ ਮੈਨੂੰ ਚਰਨਾਂ ਵਿੱਚ ਲਗਾ ਲੈ। ਮੈਂ ਵੀ ਅਨਹਦ-ਨਾਦ ਸੁਣ ਸਕਾਂ ਤੇ ਆਨੰਦ ਲੈ ਸਕਾਂ। ਪ੍ਰਭੂ ਦਾ ਆਪਣਾ ਆਕਾਰ ਕੋਈ ਨਹੀ ਪ੍ਰੰਤੂ ਉਸਨੇ ਬ੍ਰਹਮੰਡ ਦੀ ਰਚਨਾ ਕਰ ਦਿਤੀ ਦਿਨ ਰਾਤ, ਚੰਨ ਸੂਰਜ, ਨਦੀਆ ਪਹਾੜ ਤੇ ਚਾਰ ਪਾਣੀਆ ਤੇ ਬੇਦਾਂ ਦੀ ਰਚਨਾ ਕਰ ਦਿਤੀ ਅਨਹਦ ਨਾਦ ਰਾਹੀਂ ਹੀ ਤਿੰਨਾ ਲੋਕਾਂ ਦਾ ਆਰੰਭ ਹੋਇਆ। ਇਹ ਇੱਕ ਅਗਮੀ ਖੇਡ ਹੈ ਜਿਸਦਾ ਰਚਣਹਾਰ ਪ੍ਰਭੂ ਹੈ। ਅਨਹਦ ਨਾਦ ਪ੍ਰਭੂ ਦੇ ਨਾਮ ਦਾ ਸੂਚਕ ਹੈ। ਇਸਨੂੰ ਹਰ ਸਮੇਂ ਯਾਦ ਰੱਖਣਾ ਚਾਹੀਦਾ ਤੇ ਇਸਦਾ ਸਿਮਰਨ ਕਰਨਾ ਚਾਹੀਦਾ ਹੈ। ਇਸ ਰਾਹੀਂ ਈਸ਼ਵਰ ਤੱਕ ਪੁੱਜਿਆ ਜਾ ਸਕਦਾ ਹੈ। □


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

ਸਿੱਖ ਲੀਗ ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

ਗੁਰਸਿੱਖ ਸੰਜੋਗ ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

# ਗੁਰਮਤਿ ਸੰਗੀਤ ਅਕੈਡਮੀ ਦੇ ਪਹਿਲੇ ਸ਼ੈਸ਼ਨ ਦੀ ਸੰਪੂਰਨਤਾ ਤੇ ਹੋਏ ਸਮਾਗਮ ਦੀ ਰਿਪੋਰਟ


## ਕਰਤਾਰ ਸਿੰਘ

ਡਾਇਰੈਕਟਰ, ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ


ਮਿਤੀ 1-8-2002 ਨੂੰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ (ਪ੍ਰਬੰਧ ਅਧੀਨ ਸ਼੍ਰੋ.ਗੁ.ਪ੍ਰੰ.ਕਮੇਟੀ, ਅੰਮ੍ਰਿਤਸਰ) ਦੇ ਪਹਿਲੇ ਬੈਚ 1999 ਤੋਂ 2002 ਦੇ ਨਿਰਵਿਘਨਤਾ ਸਹਿਤ ਸੰਪੂਰਨਤਾ ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋਂ ਅਕਾਲ ਪੁਰਖ ਜੀ ਦੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਮਲਾਰ੍ਹ ਕੀਰਤਨ ਦਰਬਾਰ ਆਰੰਭ ਹੋਇਆ, ਜਿਸ ਵਿਚ ਅਕੈਡਮੀ ਦੇ ਤਿੰਨ ਜਥਿਆਂ ਅਤੇ ਡਾਇਰੈਕਟਰ ਸਾਹਿਬ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਜਿਨ੍ਹਾਂ ਨੇ ਰਾਗ ਮਲਾਰ੍ਹ ਵਿਚ ਸ਼ਬਦ ਤੇ ਦੋ ਸ਼ਬਦਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਹਰਿ ਜਸੁ ਨਾਲ ਜੋੜਿਆ। ਮਲਾਰ੍ਹ ਕੀਰਤਨ ਦਰਬਾਰ ਦੀ ਸਮਾਪਤੀ ਤੋਂ ਬਾਦ ਗੁਰਮਤਿ ਵਿਚਾਰਾਂ ਹੋਈਆਂ। ਜਿਨ੍ਹਾਂ ਵਿਚ ਸਭ ਤੋਂ ਪਹਿਲਾਂ ਗਿਆਨੀ ਤਰਲੋਚਨ ਸਿੰਘ ਹੈਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਉਨ੍ਹਾਂ ਤੋਂ ਬਾਅਦ ਸ੍ਰ: ਗੁਰਬਖ਼ਸ਼ ਸਿੰਘ ਢਾਡੀ, ਸ੍ਰ: ਸੁਰਿੰਦਰ ਸਿੰਘ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਸ੍ਰ: ਹਰਿਸਿਮਰਨ ਸਿੰਘ ਪ੍ਰਧਾਨ ਗਿਆਨ ਆਸ਼ਰਮ, ਸ੍ਰ: ਬਲਕਾਰ ਸਿੰਘ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰ: ਵਰਿਆਮ ਸਿੰਘ ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰੰ. ਕਮੇਟੀ) ਉਨ੍ਹਾਂ ਕਿਹਾ ਕਿ ਇਨ੍ਹਾਂ ਗੁਰਮਤਿ ਵਿਚਾਰਾਂ ਤੋਂ ਬਾਅਦ ਡਾਇਰੈਕਟਰ ਸਾਹਿਬ ਨੇ ਸਮੂਹ ਸੰਗਤਾਂ ਨੂੰ ਅਕੈਡਮੀ ਦੀ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਪੜ੍ਹਕੇ ਸੁਣਾਈ, ਜਿਸ ਵਿਚ ਦਸਿਆ ਗਿਆ ਕਿ ਵਿਦਿਆਰਥੀ ਕੋਰਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 27 ਰਾਗਾਂ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਵੀ 15 ਰਾਗਾਂ ਦੀ ਸਿੱਖਿਆ ਗ੍ਰਹਿਣ ਕਰ ਚੁੱਕੇ ਹਨ ਅਤੇ ਆਪਣੇ ਤੌਰ ਤੇ ਇਨ੍ਹਾਂ ਰਾਗਾਂ ਵਿਚ ਕੀਰਤਨ ਕਰ ਸਕਣ ਦੇ ਯੋਗ ਹੋਏ ਹਨ, ਇਸ ਤੋਂ ਇਲਾਵਾ ਅੰਨਦ ਕਾਰਜ ਦੀ ਰਸਮ, ਅਕਾਲ ਚਲਾਣੇ ਸੰਬੰਧੀ ਸ਼ਬਦ ਅਤੇ ਗੁਰਪੁਰਬਾਂ ਤੇ ਵੀ ਸ਼ਬਦ ਗਾਇਨ ਕਰਨ ਦੇ ਸਮਰੱਥ ਹਨ, ਵਿਦਿਆਰਥੀਆਂ ਨੂੰ ਔਖੀਆਂ ਤਾਲਾਂ ਦਾ ਵਿਸ਼ੇਸ਼ ਅਭਿਆਸ ਅਤੇ ਤੰਤੀ ਸਾਜਾਂ ਦੇ ਅਲੋਪ ਹੁੰਦੇ ਜਾ ਰਹੇ ਕੀਰਤਨ ਵਿਰਸੇ ਨੂੰ ਸੰਭਾਲਣ ਹਿੱਤ ਤਿੰਨ ਸਾਲ ਇਨ੍ਹਾਂ ਵਿਦਿਆਰਥੀਆਂ ਨੂੰ ਤਾਨਪੁਰੇ ਅਤੇ ਦਿਲਰੁਬਾ ਨਾਲ ਕੀਰਤਨ ਕਰਨ ਦਾ ਅਭਿਆਸ ਕਰਵਾਇਆ ਗਿਆ ਹੈ। ਕਾਰਗੁਜ਼ਾਰੀ ਰਿਪੋਰਟ ਪੜ੍ਹਨ ਤੋਂ ਬਾਅਦ ਸਨਮਾਨ ਸਮਾਰੋਹ ਸ਼ੁਰੂ ਹੋਇਆ, ਜਿਸ ਵਿਚ ਸ੍ਰ: ਵਰਿਆਮ ਸਿੰਘ ਨੇ ਤੇ ਡਾਇਰੈਕਟਰ ਸਾਹਿਬ ਨੇ ਵਿਦਿਆਰਥੀਆਂ ਨੂੰ ਸਿਰੋਪੇ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ।

ਕੁਝ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਸੇਵਾਵਾਂ ਲਈ ਵਿਸ਼ੇਸ਼ ਸਨਮਾਨ ਭੇਂਟ ਕੀਤੇ ਗਏ। ਜਿਨਾਂ ਵਿਚ ਭਾਈ ਹਰਪਿੰਦਰ ਸਿੰਘ ਨੂੰ ਕੀਰਤਨ ਸੇਵਾ ਲਈ ਸਰਵੋਤਮ ਵਿਦਿਆਰਥੀ ਅਤੇ ਭਾਈ ਸੁਖਵਿੰਦਰ ਸਿੰਘ ਨੂੰ ਅਕੈਡਮੀ ਦੀਆਂ ਜਨਰਲ ਸੇਵਾਵਾਂ ਲਈ ਸਰਵੋਤਮ ਵਿਦਿਆਰਥੀ ਵਜੋਂ ਸਨਮਾਨਿਆਂ ਗਿਆ। ਇਸ ਤੋਂ ਉਪਰੰਤ ਸਮੂਹ ਵਿਦਿਆਰਥੀਆਂ ਵਲੋਂ ਡਾਇਰੈਕਟਰ ਸਾਹਿਬ ਨੂੰ ਸਨਮਾਨ ਪੱਤਰ ਭੇਂਟ ਕੀਤਾ ਗਿਆ। ਉਨਾਂ ਤੋਂ ਬਾਅਦ ਦਿਲਰੁਬਾ ਵਾਲੇ ਉਸਤਾਦ ਪ੍ਰੋ: ਪਿਆਰਾ ਸਿੰਘ 'ਪਦਮ' ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਬਾਅਦ ਵਿਚ ਸਮੂਹ ਵਿਦਿਆਰਥੀਆਂ ਅਤੇ ਸਟਾਫ ਵਲੋਂ ਸ੍ਰ: ਵਰਿਆਮ ਸਿੰਘ, ਗਿਆਨੀ ਤ੍ਰਿਲੋਚਨ ਸਿੰਘ, ਸ੍ਰ: ਬਲਕਾਰ ਸਿੰਘ ਹੋਰਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤੇ ਗਏ।

ਸਮਾਪਤੀ ਦੀ ਅਰਦਾਸ ਗਿਆਨੀ ਤਰਲੋਚਨ ਸਿੰਘ ਜੀ ਨੇ ਕੀਤੀ। ਹੁਕਮਨਾਮੇ ਤੋਂ ਉਪਰੰਤ ਪ੍ਰਸ਼ਾਦ ਅਤੇ ਡਾਇਰੈਕਟਰ ਸਾਹਿਬ ਨੇ ਸਮੂਹ ਸੰਗਤਾਂ ਜਿਨ੍ਹਾਂ ਵਿਚ, ਸਿੱਖ ਨਾਰੀ ਮੰਚ ਵਾਲੀਆਂ ਬੀਬੀਆਂ, ਇਸਤਰੀ ਸਤਿਸੰਗ ਸਭਾ, ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸਿੱਖ ਮਿਸ਼ਨਰੀ ਕਾਲਜ, ਨੇਤਰਹੀਣ ਸੰਗੀਤ ਵਿਦਿਆਲਾ ਆਦਿ ਦਾ ਧੰਨਵਾਦ ਕੀਤਾ ਉਪਰੰਤ ਤਖ਼ਤ ਸਾਹਿਬ ਵਲੋਂ ਤਿਆਰ ਗੁਰੂ ਕਾ ਲੰਗਰ ਵਰਤਾਇਆ ਗਿਆ। □

# ਪੁਸਤਕ ਸਮੀਖਿਆ

## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੇਦਵਾਣ ਡਾ. ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)

ਪੁਸਤਕ : ਰੂਹ ਤ੍ਰਿਹਾਈ ਪੰਨੇ : 80 ਕੀਮਤ : 100/-ਸਜਿਲਦ
ਲੇਖਕ : ਡਾ. ਸੁਰਜੀਤ ਸਿੰਘ ਕੁੰਜਾਹੀ ਪ੍ਰਕਾਸ਼ਕ : ਐਚ. ਕੇ. ਪ੍ਰਕਾਸ਼ਨ, ਦਿੱਲੀ, ਜਲੰਧਰ।

ਗਜ਼ਲ ਦਾ ਅਰਥ ਭਾਵੇਂ ਰੂਹ ਨਾਲ ਗੱਲਾਂ ਕਰਨੀਆਂ ਲਿਆ ਜਾਂਦਾ ਹੈ, ਪ੍ਰੰਤੂ ਇਹਨਾਂ ਰੂਹ ਨਾਲ ਕੀਤੀਆਂ ਗੱਲਾਂ ਨੂੰ ਜਦੋਂ ਲਿਖਤ ਰਾਹੀਂ ਦੂਜਿਆਂ ਨਾਲ ਸਾਂਝਾ ਕੀਤਾ ਜਾਂਦਾ ਹੈ ਤਾਂ ਇਸਦਾ ਅਰਥ ਇਕ ਨੁਕਾਤੀ ਨਾ ਰਹਿ ਕੇ ਬਹੁ ਪਾਸਾਰੀ ਹੋ ਜਾਂਦਾ ਹੈ। ਬਹੁਤ ਹੀ ਡੂੰਘੀ ਰਮਜ਼ ਵਿੱਚ ਇੱਕ ਰੂਹ ਨਾਲ ਹੋ ਰਹੀ ਗੱਲਬਾਤ ਦੀ ਤਾਰ ਜਦੋਂ ਅਨੇਕਾਂ ਰੂਹਾਂ ਨਾਲ ਜਾ ਜੁੜਦੀ ਹੈ ਤਾਂ ਇੱਕ ਐਸੀ ਥਰਥਰਾਹਟ ਪੈਦਾ ਹੁੰਦੀ ਹੈ ਜੋ ਕਿਸੇ ਅਗੰਮੀ ਨਾਦ ਦੀ ਟੁਣਕਾਰ ਬਣ ਰੂਹਾਂ ਦੇ ਨਗਮਿਆਂ ਦਾ ਸਾਥ ਦਿੰਦੀ ਜਾਪਦੀ ਹੈ। ਵਿਰਲੇ ਸ਼ਾਇਰ ਹੀ ਅਜਿਹਾ ਮਹੌਲ ਸਿਰਜਣ ਵਿੱਚ ਕਾਮਯਾਬ ਹੁੰਦੇ ਹਨ।

ਡਾ: ਸੁਰਜੀਤ ਸਿੰਘ ਕੁੰਜਾਹੀ ਇੱਕ ਅਜਿਹੀ ਪਿਆਰ ਭਿੱਜੀ ਰੂਹ ਦੇ ਮਾਲਕ ਹਨ ਜਿਹਨਾਂ ਨੇ ਜਿੰਦਗੀ ਦੇ ਸਿਧਾਂਤਕ ਪੱਖ ਨੂੰ ਵਿਚਾਰਦਿਆਂ ਇਸ ਪੁਸਤਕ ਵਿਚਲੀਆਂ ਆਪਣੀਆਂ 58 ਗਜ਼ਲਾਂ ਅਤੇ 5 ਕਾਫੀਆਂ ਰਾਹੀਂ ਅਨੇਕਾਂ ਰੂਹਾਂ ਦੀ ਤ੍ਰਿਪਤੀ ਲਈ ਸੰਜੀਦਾ ਯਤਨ ਕੀਤਾ ਹੈ। ਡਾ: ਕੁੰਜਾਹੀ ਨੇ ਇਸ ਪੁਸਤਕ ਤੋਂ ਇਲਾਵਾ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਵਿੱਚ ਹੋਰ ਰਚਨਾ ਵੀ ਕੀਤੀ ਹੈ। ਹਥਲੀ ਪੁਸਤਕ ਵਿਚਲੀਆਂ ਗਜ਼ਲਾਂ ਚੁਫੇਰੇ ਫੈਲੇ ਦੰਭ ਦੀ ਤਰਜ਼ਮਾਨੀ ਕਰਦੀਆਂ ਹੋਈਆਂ ਅਗਮ ਅਗੋਚਰ ਦੇ ਮਿਲਾਪ ਲਈ ਸਾਧਨਾ ਦੀ ਤਜਵੀਜ ਜੁਟਾਂਦੀਆ ਹਨ। ਇਹਨਾ ਗਜ਼ਲਾਂ ਵਿਚ ਪ੍ਰਸਤੁਤ ਕਰਨ ਦਾ ਵੱਡਾ ਗੁਣ ਇਹ ਹੈ ਕਿ ਉਹ ਗੰਭੀਰ ਵਿਸ਼ਿਆਂ ਦਾ ਸਹਿਜ ਨਿਭਾਅ ਕਰ ਲੈਂਦਾ ਹੈ।

ਬੰਬੀਹੇ ਦੀ ਵਿਲਕਣੀ, ਮਿਲਣ ਦੀ ਤਾਂਘ ਗਜ਼ਲ ਦੀਆਂ ਪੰਕਤੀਆਂ ਵਿਚੋਂ ਆਪ ਮੁਹਾਰੇ ਅਰਜੋਈਆਂ ਬਣ ਤੁਰਦੀ ਹੈ ਜਿਵੇਂ:

ਮੈਂ ਤਾਂ ਹਾਂ ਇਕ ਰੂਹ ਤ੍ਰਿਹਾਈ
ਤੂੰ ਵਗਦਾ ਹੈਂ ਆਪ ਮੁਹਾਰਾ
ਤੂੰ ਦਰਿਆ ਦੀ ਮੌਜ ਰਵਾਨੀ
ਮੈਂ ਇਕ ਸੱਖਣਾ ਸੁੰਞ ਕਿਨਾਰਾ॥

ਸੱਖਣੀ ਸੁੰਨੀ ਸੁੱਕੀ ਬਰੇਤੀ ਜਿੱਥੋਂ ਪਾਣੀ ਬਹੁਤ ਦੂਰ ਚਲਾ ਗਿਆ ਹੋਵੇ, ਕਿਸੇ ਸਮੇਂ ਪਾਣੀ ਹੀ ਉਸ ਨੂੰ ਇੱਥੇ ਛੱਡ ਕੇ ਗਿਆ ਸੀ। ਬਸ ਵਿਛੋੜੇ ਦਾ ਦਰਦ। ਡਾ: ਸੁਰਜੀਤ ਕੁੰਜਾਹੀ ਨੇ ਆਪਣੇ ਮੂਲ ਨੂੰ ਪਛਾਣਿਆ ਹੈ। ਜਦੋਂ ਮੂਲ ਦੀ ਪਛਾਣ ਹੋ ਜਾਵੇ ਤਾਂ ਹੀ ਵਿਛੋੜੇ ਦਾ ਦਰਦ ਜਾਗਦਾ ਹੈ। ਤੇ ਫੇਰ ਗਜ਼ਲ ਦੀ ਪੰਕਤੀ ਹੈ:

"ਕਈ ਉਮਰਾਂ ਦੀ ਘੂਕੀ ਮਗਰੋਂ
ਜਾਗ ਗਿਆ ਹੈ ਅੰਦਰ ਸਾਰਾ।"

ਡਾ: ਸੁਰਜੀਤ ਕੁੰਜਾਹੀ ਵਧਾਈ ਦੇ ਪਾਤਰ ਹਨ ਕਿਉਂਕਿ ਜਿੱਥੇ ਉਹ ਆਪ ਜਾਗੇ ਹਨ ਉੱਥੇ ਹੋਰਨਾਂ ਰੂਹਾਂ ਨੂੰ ਵੀ ਡੂੰਘੀਆਂ ਨੀਂਦਰਾਂ ਤੋਂ ਜਾਗਣ ਦੀ ਜਾਗ ਲਾਈ ਹੈ।

ਅਧਿਆਤਮਕ ਭਾਵ ਵਾਲੀਆਂ ਇਹਨਾਂ ਗਜ਼ਲਾਂ ਵਿਚ ਮਨੁੱਖ ਮਾਤ੍ਰ ਨੂੰ ਪੈਰ ਪੈਰ ਤੇ ਤਾੜਿਆ ਗਿਆ ਹੈ ਕਿ ਜਿੱਥੇ ਸੋਹਣੇ ਰੰਗੀਨ ਸੰਸਾਰ ਵਿਚ ਉਹ ਥੋੜੇ ਚਿਰ ਦਾ ਪਰਾਹੁਣਾ ਹੈ ਉੱਥੇ ਇੰਨੇ ਪਦਾਰਥ ਇਕੱਠੇ ਕਰਨ ਦੀ ਕੀ ਲੋੜ ਹੈ।

"ਹਰੇ ਪੱਤਿਆਂ ਦੀ ਇਸ ਨਗਰੀ 'ਚ ਤੂੰ ਮਹਿਮਾਨ ਹੈ ਅੜਿਆ ਕਿਵੇਂ ਬਿਸਤਰ ਅਤੇ ਸਾਮਾਨ ਤੂੰ ਏਨਾ (ਲਿਆ

ਧਰਿਆ)।" ਡਾ. ਸੁਰਜੀਤ ਸਿੰਘ ਕੁੰਜਾਹੀ ਆਪਣੀਆਂ ਗਜ਼ਲਾਂ ਵਿਚ ਜਿੱਥੇ ਅਧਿਆਤਮਕਤਾ ਦੀ ਗੱਲ ਕਰਦਾ ਹੈ ਉੱਥੇ ਇਸ ਮਾਰਗ ਵਿਚ ਅੜਿੱਕਾ ਬਣੇ ਮਨੁੱਖੀ ਵਿਹਾਰ ਦੀ ਗੱਲ ਵੀ ਕਰਦਾ ਹੈ। ਚੌਗਿਰਦੇ ਫੈਲੇ ਅੰਧਕਾਰ ਦੀ ਦਾਸਤਾਨ ਉਹ ਇੰਝ ਦੱਸਦਾ ਹੈ-

"ਧਰਤੀ ਉਤੇ ਫੈਲ ਗਿਆ ਏ ਕੂੜ ਕੁਫਰ ਪਾਸਾਰਾ,
ਤੰਗ ਦਿਲੀਆਂ ਨੇ ਘੇਰ ਲਿਆ ਏ ਅੱਜ ਦਾ ਮਾਨਵ ਸਾਰਾ।"

ਉਪਰੋਕਤ ਵਿਚਾਰ ਦੇ ਮੱਦੇਨਜ਼ਰ ਆਖਿਆ ਜਾ ਸਕਦਾ ਹੈ ਕਿ ਡਾ. ਸੁਰਜੀਤ ਸਿੰਘ ਕੁੰਜਾਹੀ ਨੇ ਇਨ੍ਹਾਂ ਗਜ਼ਲਾਂ ਰਾਹੀਂ ਆਪਣੇ ਮਨ ਦੀ ਹੂਕ ਨੂੰ ਮਾਣਿਆ ਹੈ ਤੇ ਪੁਸਤਕ ਦੇ ਜਰੀਏ ਹੋਰਨਾਂ ਜਗਿਆਸੂਆਂ ਨਾਲ ਇਸ ਹੂਕ ਦੀ ਸਾਂਝ ਵਧਾਈ ਹੈ। ਗਜ਼ਲਾਂ ਤੋਂ ਇਲਾਵਾ ਪੰਜ ਕਾਫੀਆਂ ਵੀ ਇਲਾਹੀ ਕਲਾਮ ਵਾਲੀਆਂ ਵੀ ਹਨ। ਡਾ. ਕੁੰਜਾਹੀ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਤੋਂ ਹੁੰਦੇ ਹੋਏ ਫਰੀਦਾਬਾਦ ਆ ਕੇ ਵਸ ਗਏ ਹਨ। ਇਸ ਲਈ ਉਨ੍ਹਾਂ ਦੀ ਲਿਖਤ ਵਿਚ ਪੰਜਾਬੀ ਦੇ ਨਾਲ ਹਿੰਦੀ ਦੇ ਸ਼ਬਦਾਂ ਦਾ ਆ ਜਾਣਾ ਕੋਈ ਗੈਰ ਮੁਮਕਿਨ ਨਹੀਂ। ਇਹ ਸ਼ਬਦ ਇੰਨੇ ਰੜਕਦੇ ਨਹੀਂ ਸਗੋਂ ਪੰਜਾਬੀ ਦੇ ਹਾਜ਼ਮੇ ਅਨੁਸਾਰ ਹੀ ਹਨ। ਕੁਲ ਮਿਲਾ ਕੇ ਪੁਸਤਕ ਪੜ੍ਹਨਯੋਗ ਹੈ। □

ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ)
ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ ਫੋਨ-772660
**E-mail:** drjagirsingh@rediffmail.com

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058



# ਵਿਦਿਆਰਥੀ ਕੀਰਤਨ ਦਰਬਾਰ

## ਪ੍ਰੋ. ਕਵਲਜੀਤ ਸਿੰਘ

ਖਾਲਸਾ ਕਾਲਜ, ਪਟਿਆਲਾ

ਭਾਰਤੀ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਜਿੱਥੇ ਪਟਿਆਲਾ ਘਰਾਣਾ ਵਿਸ਼ਵ ਵਿਖਿਆਤ ਹੈ ਉਥੇ ਪਿਛਲੀ ਇਕ ਸਦੀ ਤੋਂ ਗੁਰਮਤਿ ਸੰਗੀਤ ਦੀ ਸਥਾਪਤੀ ਲਈ ਪਟਿਆਲਾ ਸ਼ਹਿਰ ਵਿਚ ਸਮੇਂ ਸਮੇਂ ਯਤਨ ਹੁੰਦੇ ਰਹੇ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਪਟਿਆਲਾ ਰਿਆਸਤ ਦੌਰਾਨ ਮਹੰਤ ਗੱਜਾ ਸਿੰਘ ਤੇ ਰਾਗੀ ਭਾਈ ਪ੍ਰੇਮ ਸਿੰਘ ਜੀ ਨੇ ਵੱਖ ਵੱਖ ਗ੍ਰੰਥ ਤੇ ਲਿਖਤਾਂ ਦੁਆਰਾ ਇਸ ਪਰੰਪਰਾ ਵਿਚ ਆਰੰਭਕ ਯੋਗਦਾਨ ਪਾਇਆ। ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਉਤੇ ਉਚੇਰੀ ਖੋਜ ਕਰਕੇ ਸੰਗੀਤ ਜਗਤ ਵਿਚ ਗੁਰਮਤਿ ਸੰਗੀਤ ਦੀ ਮੌਲਿਕ ਪਛਾਣ ਸਥਾਪਤ ਕੀਤੀ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਪ੍ਰੋ. ਤਾਰਾ ਸਿੰਘ ਜੀ ਦੇ ਪਰਮ ਸ਼ਿਸ਼ ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੀਆਂ ਪੁਸਤਕਾਂ ਅਤੇ ਵਿਸ਼ਵ ਵਿਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗਾਂ ਦੇ ਗਾਇਨ ਦੁਆਰਾ ਸਿੱਖ ਮਿਊਜ਼ੀਕੋਲੋਜੀ ਦੇ ਵਿਗਿਆਨਕ ਅਤੇ ਅਕਾਦਮਿਕ ਪੱਧਰ ਤੇ ਅਧਾਰਾਂ ਨੂੰ ਸਿਰਜਿਆ ਅਤੇ ਇਸ ਨੂੰ ਲਾਗੂ ਕਰਵਾਉਣ ਵਿਚ ਨਿਗਰ ਯੋਗਦਾਨ ਪਾਇਆ। ਹੁਣ ਇਸ ਘਰਾਣੇ ਦੀ ਤੀਸਰੀ ਪੀੜ੍ਹੀ ਡਾ. ਨਿਵੇਦਿਤਾ ਉਪਲ, ਡਾ. ਜਸਬੀਰ ਕੌਰ, ਪ੍ਰੋ. ਕਵਲਜੀਤ ਸਿੰਘ, ਪ੍ਰੋ. ਜਬਰ ਜੰਗ ਸਿੰਘ, ਜਸਪਾਲ ਸਿੰਘ ਆਦਿ ਦੀ ਅਗਵਾਈ ਵਿਚ ਨਿਰੰਤਰ ਕਾਰਜਸ਼ੀਲ ਹੈ। ਵਿਸ਼ਵ ਵਿਚ ਪਟਿਆਲਾ ਦਾ ਇਹ ਗੁਰਮਤਿ ਸੰਗੀਤ ਘਰਾਣਾ ਚੌਥੀ ਪੀੜ੍ਹੀ ਨੂੰ ਆਪਣੇ ਨਾਲ ਜੋੜਨ ਲਈ ਹਰ ਵਰ੍ਹੇ ਰਾਗਮਈ ਵਿਦਿਆਰਥੀ ਕੀਰਤਨ ਦਰਬਾਰ ਕਰਵਾ ਰਿਹਾ ਹੈ। ਇਸ ਵਾਰ ਗੁਰਮਤਿ ਸੰਗੀਤ ਸਟੱਡੀ ਸਰਕਲ, ਪੰਜਾਬ ਨੇ ਅੰਮ੍ਰਿਤ ਕੀਰਤਨ ਟ੍ਰਸਟ ਦੇ ਸਹਿਯੋਗ ਨਾਲ ਮਿਤੀ 18 ਸਤੰਬਰ 2002 ਨੂੰ ਗੁਰਮਤਿ ਸੰਗੀਤ ਅਚਾਰਿਆ, ਪ੍ਰੋ. ਤਾਰਾ ਸਿੰਘ ਜੀ ਨੂੰ ਸਮਰਪਿਤ ਰਾਗਮਈ ਕੀਰਤਨ ਦਰਬਾਰ, ਦੀਵਾਨ ਹਾਲ, ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਕਰਵਾਇਆ ਗਿਆ ਜਿਸ ਵਿਚ 250 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਵਿਚ ਤੰਤੀ ਸਾਜਾਂ ਵਿਚ ਕੀਰਤਨ ਦੁਆਰਾ ਪੇਸ਼ਕਾਰੀਆਂ ਕੀਤੀਆਂ।

ਇਸ ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਹਰ ਵਿਦਿਆਰਥੀ ਨੂੰ ਵਿਸ਼ੇਸ਼ ਇਨਾਮਾਂ ਅਤੇ ਪੁਰਸਕਾਰਾਂ ਨਾਲ ਉਤਸ਼ਾਹਤ ਕੀਤਾ ਗਿਆ। ਪ੍ਰੋ. ਤਾਰਾ ਸਿੰਘ ਜੀ ਦੀਆਂ ਸੰਗੀਤ ਰਚਨਾਵਾਂ ਦਾ ਗਾਇਨ ਕਰਨ ਅਤੇ ਤੰਤੀ ਸਾਜਾਂ ਉਤੇ ਗਾਇਨ ਕਰਨ ਲਈ ਵਿਸੇਸ਼ ਟਰਾਫੀਆਂ ਵੀ ਦਿੱਤੀਆਂ ਗਈਆਂ।

ਇਸ ਵਾਰ ਸਗੀਤਾਚਾਰੀਆ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਅਤੇ ਕਰਤਾਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਸੰਗੀਤ ਅਤੇ ਗੁਰਮਤਿ ਸੰਗੀਤ ਪ੍ਰਤੀ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿਚ ਗੁਰਮੰਤਿ ਸੰਗੀਤ ਦੇ ਖੇਤਰ ਵਿਚ ਵਿਲੱਖਣ ਯੋਗਦਾਨ ਪਾਉਣ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਅਕਾਲ ਚਲਾਣੇ ਉਤੇ ਸੰਗਤਾਂ ਵਲੋਂ ਭਰਪੂਰ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਇਸ ਅਲੌਕਿਕ ਕੀਰਤਨ ਦਰਬਾਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਨਾਲ ਪਟਿਆਲਾ ਦੀਆਂ ਸਿੱਖ ਸੰਗਤਾਂ ਤੇ ਤਨ ਮਨ ਨਾਲ ਯੋਗਦਾਨ ਪਾਇਆ। ਗੁਰਮਤਿ ਸੰਗੀਤ ਸਟੱਡੀ ਸਰਕਲ ਵਲੋਂ ਕਰਵਾਏ ਗਏ ਇਸ ਸਮਾਗਮ ਵਿਚ ਸਰਕਲ ਦੇ ਸਕੱਤਰ ਸ੍ਰ. ਤਰਸੇਮ ਸਿੰਘ, ਸ੍ਰ. ਤਰਲੋਚਨ ਸਿੰਘ (ਗੁਰੂ ਅਰਜਨ ਕੀਰਤਨ ਮੰਡਲ) ਜਸਪਾਲ ਸਿੰਘ ਮੰਝਪੁਰ (ਸਿੱਖ ਸਟੂਡੈਂਟ ਫੈਡਰੇਸ਼ਨ) ਅਤੇ ਪ੍ਰੋ. ਤਾਰਾ ਸਿੰਘ ਜੀ ਦੀ ਧਰਮਪਤਨੀ ਸ੍ਰੀਮਤੀ ਸੁਰਜੀਤ ਕੌਰ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਇਆਂ ਗੁਰਮਤਿ ਸਟੱਡੀ ਸਰਕਲ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਸਮਾਗਮ ਵਿਚ ਵਿਦਿਆਰਥੀਆਂ ਨੇ ਤੰਤੀ ਸਾਜ਼ਾਂ ਉਤੇ ਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਕੀਰਤਨ ਦੀਆਂ ਨਵੀਆਂ ਵੰਨਗੀਆਂ ਤੋਂ ਜਾਣੂ ਕਰਵਾਇਆ। ਕੇਂਦਰੀ ਵਿਦਿਆਲਾ ਨੰ: 1 ਪਟਿਆਲਾ ਕੈਂਟ ਦੇ ਜਥੇ ਸਵਰਲੀਨ

ਕੌਰ ਅਤੇ ਸ੍. ਅਰਸ਼ਪ੍ਰੀਤ ਸਿੰਘ ਨੇ ਕੇਵਲ ਤਾਨਪੁਰਾ, ਵਾਇਲਿਨ ਅਤੇ ਦਿਲਰੁਬਾ ਦੀ ਸੰਗਤ ਨਾਲ ਹੀ ਰਾਗ ਤੁਖਾਰੀ ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਸਾਵਣ ਸਰਸ ਮਨਾ, ਘਨ ਵਰਸੈ ਰੁਤ ਆਏ' ਦਾ ਗਾਇਨ ਕੀਤਾ। ਹਰਮੋਨੀਅਮ ਦੀ ਵਰਤੋਂ ਕੀਤੇ ਬਿਨਾਂ ਸਕੂਲੀ ਬੱਚਿਆਂ ਦਾ ਇਕ ਉਦਮ ਸ਼ਲਾਘਾਯੋਗ ਸੀ ਅਤੇ ਸੰਗਤਾਂ ਨੇ ਵੀ ਇਨ੍ਹਾਂ ਬੱਚਿਆਂ ਨੂੰ ਭਰਪੂਰ ਅਸ਼ੀਰਵਾਦ ਦਿੱਤਾ। ਗੁਰਮਤਿ ਸੰਗੀਤ ਸਟੱਡੀ ਸਰਕਲ ਵਲੋਂ ਕੇਂਦਰੀ ਵਿਦਿਆਲਾ ਨੰ: 1 ਪਟਿਆਲਾ ਕੈਂਟ ਅਤੇ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦੇ ਦੋਹਾਂ ਜਥਿਆਂ ਨੂੰ ਤੰਤੀ ਸਾਜ਼ਾਂ ਨਾਲ ਗਾਇਨ ਕਰਨ ਹਿਤ ਵਿਸ਼ੇਸ਼ ਤੌਰ ਤੇ ਪ੍ਰੋ. ਚਤਰ ਸਿੰਘ ਯਾਦਗਾਰੀ ਟਰਾਫੀਆਂ ਨਾਲ ਸਨਮਾਨਤ ਕੀਤਾ। ਪ੍ਰੋ. ਤਾਰਾ ਸਿੰਘ ਜੀ ਦੀਆਂ ਰਚਨਾਵਾਂ ਗਾਇਨ ਕਰਨ ਹਿਤ ਰੱਖੇ ਗਏ ਪੁਰਸਕਾਰ ਸੀਨੀਅਰ ਸੈਕੰਡਰੀ ਸਕੂਲ ਪੰਜਾਬੀ ਯੂਨੀਵਰਸਿਟੀ, ਦੇ ਜਥੇ ਦੇ ਹਿੱਸੇ ਆਇਆ। ਪ੍ਰੋ. ਤਾਰਾ ਸਿੰਘ ਜੀ ਦੀਆਂ ਰਚਨਾਵਾਂ ਗਾਇਨ ਕਰਨ ਹਿਤ ਪਰਵੇਜ਼ ਕੇਸਰ, ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਉਸ਼ੋ (ਅਕਾਲ ਪੁਰਖ ਦੀ ਫੌਜ) ਨੂੰ ਵਿਅਕਤੀਗਤ ਰੂਪ ਵਿਚ ਸਨਮਾਨਿਆ ਗਿਆ।

ਇਸ ਸਮਾਗਮ ਵਿਚ ਦਲਬੀਰ ਸਿੰਘ ਖਾਲਸਾ ਕਾਲਜ ਪਟਿਆਲਾ ਅਤੇ ਰਾਜ ਬਰਿੰਦਰ ਸਿੰਘ (ਬਠਿੰਡਾ) ਇਨ੍ਹਾਂ ਦੋਵੇਂ ਵਿਦਿਆਰਥੀਆਂ ਦੀ ਪੇਸ਼ਕਾਰੀ ਸੰਗਤਾਂ ਦੇ ਮਨਾਂ ਵਿਚ ਗਹਿਰੀ ਛਾਪ ਛੱਡ ਗਈ। ਰਾਜ ਬਰਿੰਦਰ ਸਿੰਘ ਦੀ ਅਵਾਜ਼ ਦਾ ਠਹਰਾਵ ਅਤੇ ਲੈਅਕਾਰੀ ਯੁਕਤ ਗਾਇਨ, ਰਾਗ ਸਾਰੰਗ ਦੇ ਸਵਰੂਪ ਨੂੰ ਸਾਕਸ਼ਾਤ ਸਾਮੂਰਤ ਕਰ ਰਿਹਾ ਸੀ। ਦਲਬੀਰ ਸਿੰਘ ਦੀ ਗਾਇਨੀ ਵਿਚੋਂ ਇਕ ਹੋਣਹਾਰ ਕੀਤਰਨਏ ਦੀ ਝਲਕ ਸਾਫ ਦਿਖਾਈ ਦੇ ਰਹੀ ਸੀ। ਪ੍ਰਬੰਧਕਾਂ ਅਤੇ ਸੰਗਤਾਂ ਨੇ ਇਸ ਸਮੇਂ ਡਾ. ਜਾਗੀਰ ਸਿੰਘ ਜੀ ਦੇ ਵਿਦਿਆਰਥੀ ਕੀਰਤਨ ਦਰਬਾਰ ਕਰਵਾਉਣ ਅਤੇ ਭਾਗ ਲੈਣ ਵਾਲੇ ਸਮੁੱਚੇ ਵਿਦਿਆਰਥੀਆਂ ਨਾਲ ਇਨਾਮਾਂ, ਪੁਰਸਕਾਰਾਂ ਅਤੇ ਪ੍ਰਮਾਣ ਪੱਤਰਾਂ ਨਾਲ ਉਤਸ਼ਾਹ ਵਧਾਉਣ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ◻

## Say a Prayer

I was taking my usual morning walk when a garbage truck pulled up beside me. I thought the driver was going to ask for directions. Instead, he showed me a picture of a cute little five-year-old boy, "This is my grandson, Jeremiah," he said. "He's on a life-support system at a Phoenix hospital." Thinking he would ask for a contribution to his hospital bills, I reached for my wallet. But he wanted something more than money. He said, "I'm asking everybody I can to say a prayer for him. Would you say one for him, please?" I did. And my problems didn't seem like much that day.

*-Bob Westenberg*

(*Curtsey:* Chicken Soup for the Surviving Soul)

*With best compliments from a wellwisher*

# Is Indian Classical Music Dying

## Mohan Nadkarni

Reproduced From 'Mirror' (May 1982)

(*Continued from previous issue*)

**Disturbing Features**

However, as I look back over my 45 years of musical awareness and 35 years of musical consciousness, I cannot help feeling that Hindustani music is passing not through a period of "renaissance", but through a process of ferment. Rather, it is going through a turmoil. It reveals many disturbing nay disconcerting features. One is that a great majority of the artistes - vocalists and instrumentalists alike - interest themselves with technical precision, showing minimal regard for the more profound realities of presentation. In consequence, their performance assumes a stilted look, with plenty of mannerisms and pretentiousness but mostly devoid of feeling. A good many artistes, including even veterans, crave for showmanship. And taking the cue from the veterans, the younger vocalists, like their admiring quiescent listeners, seem to think that notational jugglery (known as *sargam* in musical parlance) and a penchant for imitation of a popular contemporary master, make for "good" music. In the same manner, the instrumentalists also resort to a surfeit of ornamentation, angular rhythms, breakneck speed, theatrical altercations with the accompanist on the tabla or similar impressionist devices - all of which make for some kind of mass appreciation.

*Dhrupad* and *dhamar* which, as mentioned earlier, are the earliest forms of classical singing of North India, have almost gone out of vogue as much as the venerable veena and pakhawaj on the instrumental side. Even the *khayal* form of singing which has outshone *dhrupad* and *dhamar* in popularity and has held sway for almost two centuries, is itself undergoing agonizing changes. *Alapchari* (which *khayal* borrowed from its precursor, *dhrupad*, in a modified form and has given it its distinctive quality) has yielded place to needless ornamentations which are totally alien to its innate character and dignity. The preponderance of *sargam* now happens to be an indispensable part of an average *khayal* presentation. Our *shastras* do accord *sargam* its due place - but only as an *alamkar*, that is an ornamentation meant to be used only sparingly. But the general tendency today is to employ *sargam* in place of *alapchari* possibly as a face-saving device or a time-killing device or just as a gimmick to please the present-day motley audiences.

In the process, a *khayal* presentation emerges as a spectacular display in

gymnastics, in which even the other virtues of aesthetic unfoldment, like *bol-alap* and *upaj* are completely ignored. A surfeit of super-speed *taans* is now an inseparable part of *khayal* singing which bring it to its dramatic finale. What is worse, one also witnesses importation of elements like *khatka*, *murki* and *zamzama*, which are associated with *thumri*, the light classical form of singing which came into vogue after *khayal* in the nineteenth century. All these, coupled with the progressive abridgement of presentation itself, have tended to change the very face of the once ornate, beautiful *khayal* almost out of recognition.

*Sargam* singing in Hindustani music was, by all accounts, introduced by the great Abdul Karim Khan as a result of the profound effect of Carnatic music on his mind. But he may certainly not have bargained for the atrocious manner in which it is being used by some of today's vocalists. It might well make him turn in his grave!

Bade Ghulam Ali Khan and Amir Khan were among the later stalwarts who also employed *sargams* in their singing, but used it with a sense of purpose and direction. But that sense of purpose and direction is sadly lacking among our present-day performers to whom *sargam*, it would seem, has become a status symbol also.

Another vocal form which has almost gone out of vogue, like *dhrupad* and *dhamar*, is the light classical *tappa* known for its intricate, complex *taan* and rhythmic lilt, as also *tarana*, "a compositional type with non-semantic words".

**Reverse Trend**

Abridgement in the exposition of *khayal* is often explained as a necessary evil one has to reckon with in this age of speed and hurry. But then how do you account for the reverse trend that one witnesses in the presentation of instrumental music? If *alapchari* has gradually vanished from *khayal* singing, it has assumed almost menacing proportions in its instrumental form.

For instance, one witnesses a sitarist or a sarodist render a *raga* in its conventional phases of *alap*, *jod* and *jhala* for as long as 90 minutes or even more, which is always unaccompanied by rhythm. Then the audience is treated to the *gat* version of the same *raga* to the accompaniment of tabla for another 45 minutes or an hour. In most cases, what one hears is nothing but the sickeningly repetitious use of the phrases, sequences and patterns heard in the earlier phase but only played to the accompaniment of rhythm. The piece then moves into the faster strain and then into super-speed tempo that invariably involves the main performer and his accompanist in a neck-to-neck race, culminating in unregulated noise.

To the lay audience, patiently waiting for excitement, it provides more fun than entertainment and, predictably, elicits lusty, thunderous applause. Ironically, this is taken as a sure test of box-office success! ***(Continued in next issue)***

# ਸੁਰ ਲਿਪੀਆਂ

## ਪ੍ਰਿੰਸੀਪਲ ਦਿਆਲ ਸਿੰਘ

ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ 110 001

## ਰਾਗ ਤਿਲੰਗ

ਥਾਟ: ਖਮਾਜ ਸਮਾਂ: ਰਾਤ ਦਾ ਦੂਜਾ ਪਹਿਰ ਵਾਦੀ: ਗ ਸੰਵਾਦੀ: ਨ ਜਾਤੀ: ਓਡਵ-ਓਡਵ
ਵਿਸ਼ੇਸ਼: 'ਨ਼ ਪ' ਦੀ ਸੁਰ-ਸੰਗਤਿ। ਅਰੋਹ: ਨ਼ ਸ ਗ, ਮ ਪ ਨ, ਸਂ। ਅਵਰੋਹ: ਸਂ, ਨ਼ ਪ, ਮ ਗ, ਸ।
ਪਕੜ: ਗ ਮ ਨ਼$^{\text{ਪ}}$-ਪ, ਮ ਗ, ਸ।

ਛੋਟੀ ਤਿੰਨਤਾਲ (ਮੱਧਯ ਲਯ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| ਅਸਥਾਈ | | | | | | ਮ | | | | | | ਨ਼ | | | |
| | | | | | | ਗ | ਮ | ਪ | ਸਂ | ਨ | ਸਂ | ਪ | ਪ | ਗ | ਮ |
| | | | | | | ਤਉ | ਦਰ | ਸ | ਨ | ਕੀ | ऽ | ऽ | ਕ | ਰਉ | ਸ |
| | | | | | | ਮ | | | | | | ਨ਼ | | | |
| ਗ | - | - | - | ਸ | ਸ | ਗ | ਮ | ਪ | ਸਂ | ਨ | ਸਂ | ਪ | ਪ | ਗ | ਮ |
| ਮਾ | ऽ | ऽ | ऽ | ऽ | ਇ, | ਤਉ | ਦਰ | ਸ | ਨ | ਕੀ | ऽ | ऽ | ਕ | ਰਉ | ऽ |
| | | | | | | | | | ਸ | | | | | | |
| ਗ | - | - | - | ਸ | - | - | - | ਸ | ਮ | ਗ | ਮ | ਪ | - | ਨ | ਨ |
| ਮਾ | ऽ | ऽ | ऽ | ऽ | ऽ | ऽ | ऽ | ਇ | ਮੈ | ਦ | ਰ | ਮਾ | ऽ | ਗ | ਤ |
| ਸਂ | - | ਸਂ | - | ਨ਼ | ਪ | | | | | | | | | | |
| ਭਿ | ऽ | ਖਿਆ | ऽ | ਪਾ | ਇ | | | | | | | | | | |
| ਅੰਤਰਾ | | | | | | | | | | | | | | | |
| | | | | | | | | | ਗ | | | | | | |
| | | | | | | | | | ਮ | ਗ | ਮ | ਪ | ਪ | ਨ | ਨ |
| | | | | | | | | | ਭਉ | ਤੇ | ਰਾ | ਭਾਂ | ਗ | ਖ | ਲ |
| ਸਂ | - | ਸਂ | ਸਂ | ਸਂ | - | ਸਂ | - | - | ਨ | - | ਨ | ਸਂ | - | ਸਂ | - |
| ਝੀ | ऽ | ਮੇ | ਰਾ | ਚੀ | ऽ | ਤ | ऽ | ऽ, | ਮੈ | ऽ | ਦੇ | ਵਾ | ऽ | ਨਾ | ऽ |
| ਨ | ਸਂ | ਰਂ | ਸਂ | ਨ਼ | ਪ | | | | | | | | | | |
| ਭ | ਇਆ | ऽ | ਅ | ਤੀ | ਤ | ਤਉ | ਦਰ.. | ਬਾਕੀ ਤੁਕਾਂ ਅੰਤਰੇ ਤੇ ਲਾਓ। | | | | | | | |

*ਨੋਟ:* ਇਸ ਸ਼ਬਦ-ਗੀਤ ਨੂੰ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਗਾਉਂਦੇ ਸਨ।

## ਲੇਖਕਾਂ ਪ੍ਰਤੀ ਬੇਨਤੀ

ਸਥਾਨ ਦੀ ਘਾਟ ਕਾਰਨ ਦੋ ਪੰਨਿਆਂ ਤੋਂ ਵਡੇਰਾ ਲੇਖ ਛਾਪਣ ਤੋਂ ਅਸਮਰਥ ਹੋਵਾਂਗੇ। ਇਸ ਲਈ ਲੇਖਕ ਦੋ ਪੰਨਿਆਂ ਤੋਂ ਵਡੇਰਾ ਲੇਖ ਨਾ ਭੇਜਣ ਜੀ।

ਸੂਲਫਾਕ (ਦਰੁਤ ਲਯ)

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| × | | ० | | ੨ | | ੩ | | ० | |
| ***ਅਸਥਾਈ*** | | | | | | | | | |
| ਨ਼ | | | | | | | | | |
| ਸ | – | ਗ | – | ਗ | ਮ | ਪ | – | – | ਪ |
| ਤੇ | ऽ | ਗੀ | ऽ | ਟੇ | ऽ | ਕ | ऽ | ऽ | ਤੇ |
| ਨ਼ | | | | ਗ | | | | | |
| ਸਂ | – | ਨੁ | ਪ | ਮ | – | ਗ | – | – | – |
| ਰਾ | ऽ | ਆ | ऽ | ਧਾ | ऽ | ਰ | ऽ | ऽ | ऽ |
| ਗ | | | | | | | | | |
| ਮ | ਮ | ਪ | – | ਨ | ਨ | ਸਂ | – | ਸਂ | ਸਂ |
| ਸ | ਭ | ਊ | ऽ | ਪ | ਰ | ऽ | ऽ | ਪਾ | ਰ |
| ਪ | ਨ | ਸਂ | ਰਂ | ਸਂਰਂ | ਸਂਨੁ | ਪਨੁ | ਪਮ | ਗਰ | ਸ |
| ਬ੍ਰ | ਹ | ਮ | ਦਾ | ਤਾऽ | ऽऽ | ਰऽ | ऽऽ | ऽऽ | ऽ |
| ***ਅੰਤਰਾ*** | | | | | | | | | |
| ਗ | | | | | | | | | |
| ਮ | ਮ | ਪ | ਪ | ਨ | – | ਸਂ | – | – | – |
| ਤੁ | ਧ | ਬਿ | ਨ | ਦੂ | ऽ | ਜਾ | ऽ | ऽ | ऽ |
| ਨ਼ | | | | | | | | | |
| ਸਂ | – | ਸਂ | – | ਸਂਨ | ਰਂਸਂ | ਨੁ | – | ਪ | – |
| ਨਾ | ऽ | ਹੀ | ऽ | ਕੋऽ | ऽऽ | ਇ | ऽ | ऽ | ਕ |
| ਗਂ | – | ਗਂ | ਮਂ | ਗਂ | – | ਸਂ | – | – | ਸਂ |
| ਤੂ | ऽ | ਕ | ਰ | ਤਾ | ऽ | ਰ | ऽ | ऽ | ਕ |
| ਨ | – | ਸਂ | – | ਸਂਰਂ | ਸਂਨੁ | ਪਨੁ | ਪਮ | ਗਰ | ਸ |
| ਰਹਿ | ऽ | ਸੋ | ऽ | ਹੋऽ | ऽऽ | ਇऽ | ऽऽ | ऽऽ | ऽ |

ਬਾਕੀ ਤੁਕਾਂ ਅੰਤਰੇ ਤੇ ਲਾਓ।

ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥

ਸੇਵਕਸ' ਚੈਰੀਟੇਬਲ ਟਰਸਟ (ਰਜਿ.)

Sewaks' Charitable Trust (Regd.)

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

IN THE SERVICE OF HUMANITY

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਤਿਲੰਗ ਮਹਲਾ ੧ ਘਰੁ ੨ ॥ | **Tilang 1st Guru.** | ਤਿਲੰਗ ਪਹਿਲੀ ਪਾਤਸ਼ਾਹੀ। |
|---|---|---|
| ੧ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ | O Lord, Thy feat is my hemp and my mind is the leather pouch. | ਹੇ ਸੁਆਮੀ! ਤੇਰਾ ਡਰ ਮੇਰਾ ਸੁਖਾ ਹੈ ਅਤੇ ਮੇਰਾ ਮਨ ਚਮੜੇ ਦੀ ਗੁਥਲੀ ਹੈ। |
| ਮੈ ਦੇਵਾਨਾ ਭਇਆ ਅਤੀਤੁ ॥ | I have become an intoxicated hermit. | ਮੈਂ ਇਕ ਮਤਵਾਲਾ ਵਿਰਤਕ ਹੋ ਗਿਆ ਹਾਂ। |
| ਕਰ ਕਾਸਾ ਦਰਸਨ ਕੀ ਭੂਖ ॥ | My hands are the cup and I hunger for Thine vision, O God. | ਮੇਰੇ ਹਥ ਪਿਆਲਾ ਹਨ ਅਤੇ ਮੈਨੂੰ ਤੇਰੇ ਦੀਦਾਰ ਦੀ ਭੁੱਖ ਹੈ, ਹੇ ਵਾਹਿਗੁਰੂ। |
| ਮੈ ਦਰਿ ਮਾਗਉ ਨੀਤਾ ਨੀਤ ॥੧॥ | Day by day, beg I at Thy door. | ਰੋਜ਼ ਬਰੋਜ਼, ਮੈਂ ਤੇਰੇ ਬੂਹੇ ਤੇ ਝੋਲੀ ਅੱਡਦਾ ਹਾਂ। |
| ਤਉ ਦਰਸਨ ਕੀ ਕਰਉ ਸਮਾਇ ॥ | For Thy sight I make a mumper's call. | ਤੇਰੇ ਦੀਦਾਰ ਲਈ ਮੈਂ ਮੰਗਤੇ ਵਾਲੀ ਸਦਾਅ ਕਰਦਾ ਹਾਂ। |
| ਮੈ ਦਰਿ ਮਾਗਤੁ ਭੀਖਿਆ ਪਾਇ ॥੧॥ | Bless Thou me, Thine door's begger with alms, O Lord. | ਮੈਂ, ਆਪਣੇ ਬੂਹੇ ਦੀ ਭਿਖਾਰੀ ਨੂੰ ਤੂੰ ਖੈਰ ਪਾ, ਹੇ ਪ੍ਰਭੂ! |
| ਰਹਾਉ ॥ | Pause. | ਠਹਿਰਾਉ! |
| ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ | Saffron, flowers, deer's musk, gold and sandal mount all the bodies, Such is the bright perfume of the Lord's slaves, that they render fragrant one and all. | ਕੁੰਗੂ, ਫੁਲ, ਹਿਰਣ ਦਾ ਨਾਫ਼ਾ, ਸੋਨਾ ਅਤੇ ਚੰਨਣ ਸਮੂਹ ਦੇਹਾਂ ਉਤੇ ਸਵਾਰ ਹੁੰਦੇ ਹਨ। ਇਸ ਤਰ੍ਹਾਂ ਦੀ ਹੈ ਪ੍ਰਭੂ ਦੇ ਗੋਲਿਆਂ ਦੀ ਉਜਲ ਖ਼ੁਸ਼ਬੂ ਕਿ ਉਹ ਸਾਰਿਆਂ ਨੂੰ ਸੁਗੰਧਤ ਕਰਦੇ ਹਨ। |
| ਘਿਅ ਪਟ ਭਾਂਡਾ ਕਹੈ ਨ ਕੋਇ ॥ | No one calls clarified butter and silk ill-reputed. | ਕੋਈ ਜਣਾ ਘਿਉ ਅਤੇ ਰੇਸ਼ਮ ਨੂੰ ਕਲੰਕਤ ਨਹੀਂ ਆਖਦਾ। |
| ਐਸਾ ਭਗਤੁ ਵਰਨ ਮਹਿ ਹੋਇ ॥ | Such is the saint in high or low caste. | ਐਹੋ ਜੇਹਾ ਹੁੰਦਾ ਹੈ ਸਾਧੂ ਉਚੀ ਜਾਂ ਨੀਚੀ ਜਾਤੀ ਵਿਚ। |
| ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥ | From Thine door, O Lord, bless Thou with alms those, who make obeisance unto Thine Name, and remain absorbed in Thy love, prays Nanak. | ਆਪਣੇ ਬੂਹੇ ਤੋਂ, ਹੇ ਸਾਹਿਬ! ਤੂੰ ਉਨ੍ਹਾਂ ਨੂੰ ਖੈਰ ਪਾ, ਜੋ ਤੈਂਡੇ ਨਾਮ ਨੂੰ ਨਿਮਸ਼ਕਾਰ ਕਰਦੇ ਹਨ, ਅਤੇ ਤੇਰੇ ਪ੍ਰੇਮ ਅੰਦਰ ਲੀਨ ਰਹਿੰਦੇ ਹਨ, ਨਾਨਕ ਬਿਨੈ ਕਰਦਾ ਹੈ। |

◆ ◆ ◆

| ਤਿਲੰਗ ਮਹਲਾ ੫ ਘਰੁ ੨ ॥ | **Tilang 5th Guru.** | ਤਿਲੰਗ ਪੰਜਵੀਂ ਪਾਤਸ਼ਾਹੀ। |
|---|---|---|
| ਤੁਧੁ ਬਿਨੁ ਦੂਜਾ ਨਾਹੀ ਕੋਇ ॥ | Without Thee, there is not any other. | ਤੇਰੇ ਬਾਝੋਂ ਹੋਰ ਕੋਈ ਨਹੀਂ। |

| | | |
|---|---|---|
| ਤੂ ਕਰਤਾਰੁ ਕਰਹਿ ਸੋ ਹੋਇ ॥ | Thou art the Creator, what Thou doest, that alone happens. | ਤੂੰ ਸਿਰਜਨਹਾਰ ਹੈਂ, ਜੋ ਤੂੰ ਕਰਦਾ ਹੈਂ, ਕੇਵਲ ਓਹੀ ਹੁੰਦਾ ਹੈ। |
| ਤੇਰਾ ਜੋਰੁ ਤੇਰੀ ਮਨਿ ਟੇਕ ॥ | Thine is the might, and Thine the support within my mind. | ਤੇਰੀ ਹੀ ਸਤਿਆ ਅਤੇ ਤੇਰਾ ਹੀ ਆਸਰਾ ਮੇਰੇ ਚਿਤ ਅਦਰ ਹੈ। |
| ਸਦਾ ਸਦਾ ਜਪਿ ਨਾਨਕ ਏਕ ॥੧॥ | Ever, ever, dwell thou on the one Lord, O Nanak. | ਹਮੇਸ਼ਾ, ਹਮੇਸ਼ਾ ਤੂੰ ਹੇ ਨਾਨਕ ਇਕ ਸਾਂਈਂ ਦਾ ਸਿਮਰਨ ਕਰ। |
| ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ | Over all is the Beneficent supreme Lord. | ਸਾਰਿਆਂ ਦੇ ਉਤੇ ਦਾਤਾ ਸ਼੍ਰੋਮਣੀ ਸਾਹਿਬ ਹੈ। |
| ਤੇਰੀ ਟੇਕ ਤੇਰਾ ਆਧਾਰੁ ॥ | Thou, O Lord art my support and Thou the mainstay. | ਤੂੰ, ਹੇ ਸਾਈਂ ਮੇਰਾ ਆਸਰਾ ਹੈਂ ਅਤੇ ਤੂੰ ਹੀ ਮੇਰੀ ਓਟ। |
| ਰਹਾਉ ॥ | Pause. | ਠਹਿਰਾਉ। |
| ਹੈ ਤੂ ਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ ॥ | Thou wert, Thou art and shalt be, O Inaccessible, Incomprehensible, Lofty and Infinite Lord. | ਤੂੰ ਸੀ, ਤੂੰ ਹੈ ਅਤੇ ਹੋਵੇਂਗਾ। ਹੇ ਪਹੁੰਚ ਤੋਂ ਪਰੇ, ਅਲਖ, ਬੁਲੰਦ ਅਤੇ ਬੇਅੰਤ ਸੁਆਮੀ। |
| ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ | They who serve Thee; them no dread and distress overtake. | ਜੋ ਤੇਰੀ ਟਹਿਲ ਕਮਾਉਂਦੇ ਹਨ, ਉਨ੍ਹਾਂ ਨੂੰ ਕੋਈ ਡਰ ਅਤੇ ਦੁਖੜਾ ਨਹੀਂ ਵਿਆਪਦੇ। |
| ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥ | By Guru's grace. sing they the Lord's praise, O Nanak. | ਗੁਰਾਂ ਦੀ ਦਇਆ ਦੁਆਰਾ, ਉਹ ਸੁਆਮੀ ਦਾ ਜੱਸ ਗਾਇਨ ਕਰਦੇ ਹਨ, ਹੇ ਨਾਨਕ! |
| ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥ | That what seems is Thine manifestation, O my Beautiful Lord, the Treasure of merit and the Master of universe. | ਜੋ ਕੁਛ ਦਿਸ ਆਉਂਦਾ ਹੈ ਤੇਰਾ ਹੀ ਜ਼ਹੂਰ ਹੈ, ਨੇਕੀਆਂ ਦੇ ਖ਼ਜ਼ਾਨੇ ਅਤੇ ਆਲਮ ਦੇ ਮਾਲਕ, ਸੁੰਦਰ ਸੁਆਮੀ। |
| ਸਿਮਰਿ ਸਿਮਰਿ ਸਿਮਰਿ ਜਨ ਸੋਇ ॥ | Remembering, remembering, remembering the Lord, His slave becomes like Him. | ਸੁਆਮੀ ਦਾ ਆਰਾਧਨ, ਆਰਾਧਨ, ਆਰਾਧਨ ਕਰਨ ਦੁਆਰਾ, ਉਸ ਦਾ ਗੋਲਾ ਉਸ ਦੇ ਵਰਗਾ ਹੋ ਜਾਂਦਾ ਹੈ। |
| ਨਾਨਕ ਕਰਮਿ ਪਰਾਪਤਿ ਹੋਇ ॥੩॥ | By His own grace the Lord is obtained, O Nanak. | ਉਸ ਦੀ ਆਪਣੀ ਮਿਹਰ ਦੁਆਰਾ ਸਾਹਿਬ ਪਾਇਆ ਜਾਂਦਾ ਹੈ, ਹੇ ਨਾਨਕ! |
| ਜਿਨਿ ਜਪਿਆ ਤਿਸ ਕਉ ਬਲਿਹਾਰ ॥ | He who meditates on the Lord, unto Him I am a sacrifice. | ਜੋ ਸਾਹਿਬ ਦਾ ਸਿਮਰਨ ਕਰਦਾ ਹੈ, ਉਸ ਉਤੋਂ ਮੈਂ ਘੋਲੀ ਵੰਞਦਾ ਹਾਂ। |
| ਤਿਸ ਕੈ ਸੰਗਿ ਤਰੈ ਸੰਸਾਰ ॥ | In his company, the world is saved. | ਉਸ ਦੀ ਸੰਗਤ ਅੰਦਰ ਜਗਤ ਪਾਰ ਉਤਰ ਜਾਂਦਾ ਹੈ। |
| ਕਹੁ ਨਾਨਕ ਪ੍ਰਭ ਲੋਚਾ ਪੂਰਿ ॥ | Says Nanak the Lord is the fulfiller of aspirations. | ਗੁਰੂ ਜੀ ਆਖਦੇ ਹਨ, ਸੁਆਮੀ ਕਾਮਨਾਂ ਪੂਰੀਆਂ ਕਰਨਹਾਰ ਹੈ। |
| ਸੰਤ ਜਨਾ ਕੀ ਬਾਛਉ ਧੂਰਿ ॥੪॥੨॥ | I long for the dust of the pious persons feet. | ਮੈਂ ਪਵਿਤ੍ਰ ਪੁਰਸ਼ਾਂ ਦੇ ਪੈਰਾਂ ਦੀ ਧੂੜ ਦੀ ਚਾਹਨਾ ਕਰਦਾ ਹਾਂ। |











ਗੁਰਦੁਆਰਾ ਦੁਖ ਨਿਵਾਰਨ ਸਾਹਿਬ
ਪਟਿਆਲਾ ਵਿਖੇ ਮਿਤੀ 18, ਅਕਤੂਬਰ, 2002
ਹੋਏ ਵਿਦਿਆਰਥੀ
ਕੀਰਤਨ ਦਰਬਾਰ ਦੀਆਂ ਝਲਕੀਆਂ

Postal Regd. No. PB / 0170 / 2002 RNI Regd. No. 46788/89 ISSN 0972-2335

# Thus Spake Guru Nanak

## GOD

- ★ His recipient may tire, but His bounty is untiring; ages upon ages, man has fed upon it. His will directs the world and yet, O Nanak, He dwells beyond concern or care.
- ★ True is the Lord, true His holy word; His love has been described as infinite.
- ★ Men pray to Him for gift, which He grants untiringly. When all is His, what can we offer at His feet, what can we say to win His love?
- ★ At the ambrosial hour of the early dawn, be you in the communion with the Divine Word and meditate on His glory.
- ★ One birth is the fruit of our action, but salvation comes only from His grace, O Nanak, know the True One as immanent in all.
- ★ The Lord can never be established nor created; the formless One is limitlessly complete in Himself.
- ★ Those who worship Him are honoured; Nanak, ever sing of the Treasure-house of all virtues.
- ★ Let us sing of Him and hold communion with the Word with a heart full of loving devotion for then shall all sorrows end and we shall be led joyously homeward.
- ★ The Master is the song eternal or Word personified; He is the Vedas and scriptures, He is saturated with the Divine.
- ★ He is Shiva, He is Vishnu, and He is Brahma; and their consorts Parvati, Lakshmi and Saraswati also.
- ★ The greatness of the Master, even if known, cannot be discribed with oral eloquence. My Master has taught me one thing, He is the Lord of everything, Him I may never forget.
- ★ If I may please Him, 'tis pilgrimage enough; if not, nothing - no rite or toil - avail.
- ★ Which way I look, I find that in His creation, none has won salvation without His grace regardless of Karmas.
- ★ You can discover untold spiritual riches within yourself, if you abide by the teachings of your Master.

**PAGE SPONSORED BY : AHUJA FAMILY**
C-353, Defence Colony New Delhi 110 024